ਸਾਲ : 1 ਦਸੰਬਰ 1973
ਅੰਕ : 6 ਮੁੱਲ : 50 ਸੈਂਟ



# ਵਤਨੋਂ ਦੂਰ

ਸੰਪਾਦਕ :
ਸੁਰਿੰਦਰ ਧੰਜਲ



JAPAN • ENGLAND • IMPORTS • INDIA

COMPARE OUR PRICES & QUALITY AT

# Continental Cloth House

# ਕੌਨਟੀਨੈਂਟਲ ਕਲਾਥ ਹਾਊਸ

Importer, Retailer & Wholesaler of
SAREES, SUIT – PIECES, BRITISH – SHIRTS, KNIT WEAR,
CHILDREN WEAR, FABRICS and QUILTS ETC.

HIGH QUALITY EMBROIDERED WEDDING - SAREES AND SUITS IS OUR SPECIALTY

●● ਇੰਗਲੈਂਡ ਦੀਆ ਬਣੀਆ ਕੋਟੀਆਂ ਤੇ ਕਮੀਜ਼ਾਂ ●●
●● ਜਾਪਾਨੀ ਅਤੇ ਭਾਰਤੀ ਸਾੜ੍ਹੀਆ - ਰਜਾਈਆ - ਪੱਗਾਂ ●●
●● ਵਿਆਹ - ਸਾਦੀਆ ਲਈ ਵੰਨ-ਸੁਵੰਨੇ ਰੰਗਾ ਦੀਆ ਚੂੜੀਆ, ਗਜਰੇ ਤੇ ਚੋਟਾ ●●
●● ਸ਼ੌਂਕਿਆਂ ਦੇ ਰੈਡੀਮੇਡ ਅਤੇ ਜੈਂਪਰਾਂ ਦਾ ਸੁੰਦਰ ਤੇ ਸਸਤਾ ਕੱਪੜਾ ●●

ਖਰੀਦਣ ਲਈ ਕੌਨਟੀਨੈਂਟਲ ਕਲਾਥ ਹਾਊਸ ਨੂੰ ਲਿਖੋ ਜਾਂ ਟੈਲੀਫੋਨ ਕਰੋ : ਦੁਕਾਨ (321-0847), ਘਰ (325-8342)

6576 MAIN STREET (at 49th AVE)
VANCOUVER-15, B C

PHONE
BUS. 321-0847 RES 325-8342

6576 ਮੇਨ ਸਟਰੀਟ ( 49 ਐਵੀਨਿਊ)
ਵੈਨਕੋਵਰ -15, ਬੀ ਸੀ

Telephone (604) 324-4401
Telex 04-55371

COME FLY WITH DARSHAN SINGH MANN



8159 Main Street
Vancouver 15

ਸੰਸਾਰ ਦੇ ਕਿਸੇ ਵੀ ਹਿੱਸੇ ਵਿੱਚ ਸਫ਼ਰ ਦਾ ਆਨੰਦ ਮਾਣਨ ਲਈ, ਹਮੇਸ਼ਾ

## ਦਰਸ਼ਨ ਸਿੰਘ ਮਾਨ

ਨੂੰ ਲਿਖੋ, ਮਿਲੋ ਜਾਂ ਫ਼ੋਨ ਕਰੋ। ਉਨ੍ਹਾਂ ਪਾਸੋਂ ਪਾਸਪੋਰਟ ਸਹੂਲਤਾਂ, ਵੀਜ਼ਾ
ਪ੍ਰਾਪਤ ਕਰਨ ਦੀਆਂ ਸੇਵਾਵਾਂ, ਇੰਮੀਗ੍ਰੇਸ਼ਨ ਸੰਬੰਧੀ ਫਾਰਮ ਵੀ ਮਿਲ ਸਕਦੇ ਹਨ।

*Also offices in:-*

- JULLUNDER ਜਲੰਧਰ
- LUDHIANA ਲੁਧਿਆਣਾ
- HONGKONG ਹਾਂਗਕਾਂਗ
- LONDON ਲੰਡਨ

PANJABI LITERARY & CULTURAL MONTHLY

THE WATNO DŪR

P.O. BOX 1041

COQUITLAM, B.C., CANADA

# ਮਾਸਕ-ਪੱਤਰ "ਵਤਨੋਂ ਦੂਰ" ਕੋਕੁਇਟਲਮ, ਬੀ.ਸੀ.

(ਕੈਨੇਡਾ ਵਿੱਚ ਪੰਜਾਬੀ ਦਾ ਸਾਹਿੱਤਕ ਤੇ ਸੱਭਿਆਚਾਰਕ ਮਾਸਕ-ਪੱਤਰ)

ਟੈਲੀਫ਼ੋਨ:- 874 - 5403

ਦਸੰਬਰ 1973

ਸਾਲ: 1 ਅੰਕ: 6 ਮੁੱਲ: 50 ਸੈਂਟ

ਚੀਫ਼ ਐਡੀਟਰ:
ਸੁਰਿੰਦਰ ਧੰਜਲ

ਅਸਿਸਟੈਂਟ ਐਡੀਟਰ:-
ਭੁਪਿੰਦਰ ਧਾਲੀਵਾਲ

ਮੈਨੇਜਿੰਗ ਐਡੀਟਰ:-
ਚਰਨਜੀਤ ਸਿੱਧੂ

ਐਡਮਨਿਸਟਰੇਟਿਵ ਐਡੀਟਰ:-
ਕਰਨੈਲ ਮਾਨ

ਐਡਵਰਟਾਈਜ਼ਿੰਗ ਐਡੀਟਰ:
ਦਿਲਜੀਤ ਤੂਰ

ਆਰਟ ਐਡੀਟਰ:-
ਨਿਰਮਲ ਧਾਲੀਵਾਲ

ਸਰਕੂਲੇਸ਼ਨ ਐਡੀਟਰ:
ਜਸਵਿੰਦਰ ਭੰਗੂ

ਵਿਸ਼ੇਸ਼ ਪ੍ਰਤੀਨਿਧ:-
1. ਸੁਖਪਾਲ ਟੱਲੇਵਾਲੀਆ ਬਰਨੇਬੀ, ਬੀ.ਸੀ.
2. ਲਾਟ ਭਿੰਡਰ ਕੈਮਲੂਪਸ, ਬੀ.ਸੀ.
3. ਗੁਰਚਰਨ ਟੱਲੇਵਾਲੀਆ ਨਿਊ ਵੈੱਸਟਮਿ., ਬੀ.ਸੀ.
4. ਰਮੇਸ਼ ਸਟਰੀ ਵਿੰਨੀਪੈੱਗ, ਮੈਨੀਟੋਬਾ.

ਪ੍ਰਕਾਸ਼ਕ:-
ਤਾਰਾ ਸਿੰਘ ਹੇਅਰ
6626-124 A STREET
SURREY, B.C., CANADA.

ਚੰਦਾ:-

| | ਕੈਨੇਡਾ-ਅਮਰੀਕਾ | ਇੰਗਲੈਂਡ |
|---|---|---|
| ਸਾਲਾਨਾ: | 6 ਡਾਲਰ | 4 ਪੌਂਡ |
| ਛਿਮਾਹੀ: | 3 ਡਾਲਰ | 2 ਪੌਂਡ |

## ਐਡੀਟੋਰੀਅਲ:

'ਵਤਨੋਂ ਦੂਰ' ਦਾ ਅਗਲਾ ਅੰਕ 'ਸਾਲਾਨਾ ਅੰਕ' ਹੋਵੇਗਾ। ਇਸ ਦੇ ਸਫ਼ੇ ਵੀ ਆਮ ਅੰਕ ਤੋਂ ਜ਼ਿਆਦਾ ਹੋਣਗੇ ਤੇ 1974 ਲਈ ਕੁਝ ਵਿਸ਼ੇਸ਼ ਤਬਦੀਲੀਆਂ ਵੀ ਹੋਣਗੀਆਂ।

ਇਰਾਦਾ ਹੈ ਕਿ ਉਸ ਅੰਕ ਵਿੱਚ ਕੈਨੇਡਾ ਦੇ ਹਰ ਲੇਖਕ ਦੀ ਇੱਕ (ਇੱਕ) ਰਚਨਾ ਜ਼ਰੂਰ ਸ਼ਾਮਲ ਕੀਤੀ ਜਾਵੇ। ਸੋ ਲੇਖਕ ਆਪਣੀ ਰਚਨਾਵਾਂ 12 ਦਸੰਬਰ ਤੱਕ ਜ਼ਰੂਰ ਭੇਜ ਦੇਣ। ਪੁੱਜੀਆਂ ਰਚਨਾਵਾਂ ਵਿੱਚੋਂ ਕੁਝ ਰਚਨਾਵਾਂ ਹੁਣੇ ਹੀ ਚੁਣ ਲਈਆਂ ਗਈਆਂ ਹਨ।

ਸੁਰਿੰਦਰ ਧੰਜਲ

ਇਸ ਵਾਰ ਦਾ ਮੁੱਖ-ਚਿੱਤਰ ਬਰਨੇਬੀ, ਬੀ.ਸੀ. ਦੇ ਕਲਾਕਾਰ ਰਿਚਰਡ ਫਰੋਜ਼ (RICHARD FROESE) ਨੇ ਬਣਾਇਆ ਹੈ ਜੋ ਕਿ ਸਾਊਥ ਕੈਲੀਫ਼ੋਰਨੀਆ ਦੇ ਸਾਹਿੱਤਕ ਪੱਤਰ 'MORE HEAT THAN LIGHT' ਦੇ ਐਡੀਟਰ ਤੇ ਕਵਰ ਆਰਟਿਸਟ ਹਨ। ਰਿਚਰਡ ਫਰੋਜ਼ ਕਈ ਕੈਨੇਡੀਅਨ ਮਾਸਕ-ਪੱਤਰਾਂ ਤੇ ਟੈਲੀਵੀਜ਼ਨ-ਸਟੇਸ਼ਨਾਂ ਦੇ ਲਈ ਚਿੱਤਰ ਬਣਾਉਂਦੇ ਹਨ ਤੇ ਹੁਣ ਵੈਨਕੋਵਰ ਵੋਕੇਸ਼ਨਲ ਇੰਸਟੀਚਿਊਟ ਵਿੱਚ ਸਟਰਕਚਰਲ ਡਰਾਫਟਿੰਗ ਦੇ ਵਿਦਿਆਰਥੀ ਹਨ।

ਨਿਰਮਲ ਧਾਲੀਵਾਲ

# ਇੰਝ ਵੀ ਹੁੰਦਾ ਹੈ

(ਟਾਲਸਟਾਏ)

ਤੋਪ ਦਾ ਭਖਦਾ ਗੋਲਾ ਚਾਣਚਕ ਟੈਂਕ ਦੇ ਠੀਕ ਉਤੇ ਆ ਡਿਗਿਆ। ਦੋ ਸਿਪਾਹੀ ਝਟਪਟ ਖਤਮ ਹੋ ਗਏ। ਦੂਜਾ ਗੋਲਾ ਆਇਆ ਤੇ ਟੈਂਕ ਦੀਆਂ ਲਾਟਾਂ ਉਠਣ ਲਗੀਆਂ। ਚਾਲਕ ਬੜੀ ਤੇਜ਼ੀ ਨਾਲ ਬਾਹਰ ਕੁਦ ਪਿਆ ਤੇ ਬਲਦੇ ਟੈਂਕ 'ਚੋਂ ਇਕ ਜਵਾਨ ਸਿਪਾਹੀ ਨੂੰ ਖਿਚ ਲਿਆ। ਜਵਾਨ ਦੇ ਕਪੜਿਆਂ ਵਿਚ ਅੱਗ ਲਗ ਚੁਕੀ ਸੀ। ਮੂੰਹ-ਹੱਥ ਤੇ ਸਰੀਰ ਦੇ ਕਈ ਹਿਸੇ ਬੁਰੀ ਤਰ੍ਹਾਂ ਝੁਲਸ ਗਏ ਸਨ। ਚਾਲਕ ਨੇ ਪਲ ਭਰ ਵੀ ਨਸ਼ਟ ਕੀਤੇ ਬਿਨਾ ਉਹਨੂੰ ਧਰਤੀ ਤੇ ਲਿਟਾਇਆ ਤੇ ਮੁਠੀਆਂ ਭਰ ਭਰ ਕੇ ਰੇਤ ਉਸ ਤੇ ਸੁਟਣ ਲਗਾ। ਅੱਗ ਛੇਤੀ ਹੀ ਬੁਝ ਗਈ ਤੇ ਜਵਾਨ ਪੀੜ ਨਾਲ ਛਟਪਟਾਣ ਲਗਾ। ਇੰਨੇ 'ਚ ਇਕ ਧਮਾਕਾ ਹੋਰ ਹੋਇਆ ਤੇ ਬਲਦੇ ਟੈਂਕ ਦੇ ਟੁਕੜੇ ਟੁਕੜੇ ਵਿਖਰ ਗਏ।

ਕਈ ਮਹੀਨਿਆਂ ਤੀਕ ਜਵਾਨ ਫੌਜੀ ਹਸਪਤਾਲ 'ਚ ਰਿਹਾ। ਬਹੁਤ ਸਾਰੇ ਅਪਰੇਸ਼ਨ ਹੋਏ। ਜ਼ਖਮ ਭਰਨ ਮਗਰੋਂ ਉਹਦੀ ਪਲਾਸਟਿਕ ਸਰਜਰੀ ਕੀਤੀ ਗਈ। ਬਨਾਵਟੀ ਨਕ, ਕੰਨ ਤੇ ਬੁਲ੍ਹ ਲਾ ਦਿਤੇ ਗਏ। ਜਦੋਂ ਪਟੀਆਂ ਖੁਲ੍ਹੀਆਂ ਤਾਂ ਨਰਸ ਨੇ ਉਹਨੂੰ ਇਕ ਸ਼ੀਸ਼ਾ ਦਿਤਾ ਤਾਂ ਜੋ ਆਪਣੀ ਸ਼ਕਲ ਵੇਖ ਸਕੇ। ਉਹਦੀ ਡਰਾਵਨੀ ਸ਼ਕਲ ਤਕ ਨਰਸ ਮੂੰਹ ਫੇਰ ਕੇ ਰੋ ਪਈ। ਜਵਾਨ ਨੇ ਵੀ ਆਪਣਾ ਚਿਹਰਾ ਵੇਖਿਆ ਤੇ ਕੁਝ ਆਖੇ ਬਿਨਾ ਝਟਪਟ ਸ਼ੀਸ਼ਾ ਨਰਸ ਨੂੰ ਪਰਤਾ ਦਿਤਾ।

ਜਵਾਨ ਠੀਕ ਤਾਂ ਹੋ ਗਿਆ, ਪਰ ਸੈਨਾ ਦੇ ਮੈਡੀਕਲ-ਬੋਰਡ ਨੇ ਉਹਨੂੰ ਨੌਕਰੀ ਲਈ ਅਯੋਗ ਘੋਸ਼ਿਤ ਕਰ ਦਿਤਾ। ਉਹਨੂੰ ਬਹੁਤ ਦੁਖ ਹੋਇਆ। ਸਿਧਾ ਆਪਣੇ ਜਨਰਲ ਕੋਲ ਗਿਆ ਤੇ ਬੇਨਤੀ ਕੀਤੀ ਕਿ ਹੁਣ ਮੈਂ ਨਿਰੋਗ ਹੋ ਗਿਆ ਹਾਂ, ਇਸ ਲਈ ਮੈਨੂੰ ਫਿਰ ਰੈਜੀਮੈਂਟ ਵਿਚ ਜਾਣ ਦੀ ਇਜਾਜ਼ਤ ਦਿਤੀ ਜਾਵੇ।

'ਪਰ ਤੈਨੂੰ ਸੈਨਿਕ-ਸੇਵਾਵਾਂ ਲਈ ਅਯੋਗ ਮੰਨਿਆ ਜਾ ਚੁਕਿਆ ਹੈ।' ਜਨਰਲ ਨੇ ਉਤਰ ਦਿਤਾ।'

'ਇਹ ਕਿਉਂ ? ਮੇਰਾ ਚਿਹਰਾ ਖਰਾਬ ਹੋ ਗਿਆ ਹੈ ਤਾਂ ਕੀ ਹੋਇਆ। ਇਸ ਨਾਲ ਮੇਰੀ ਸ਼ਕਤੀ ਤੇ ਅਨੁਭਵ 'ਚ ਤਾਂ ਕੋਈ ਅੰਤਰ ਨਹੀਂ ਪੈਂਦਾ। ਮੈਂ ਹਰ ਕੀਮਤ ਤੇ ਸੈਨਾ 'ਚ ਵਾਪਸ ਜਾਣਾ ਚਾਹੁੰਦਾ ਹਾਂ।

ਜਵਾਨ ਦੇ ਇਸਰਾਰ ਤੇ ਜਨਰਲ ਨੇ ਇਜਾਜ਼ਤ ਦੇ ਦਿਤੀ, ਪਰ ਰੈਜੀਮੈਂਟ 'ਚ ਜਾਣ ਤੋਂ ਪਹਿਲਾਂ ਉਹਨੂੰ ਕੁਝ ਦਿਨਾਂ ਦੀ ਛੁਟੀ ਦੇ ਦਿਤੀ ਗਈ ਤਾਂ ਜੋ ਆਪਣੇ ਘਰ ਵਾਲਿਆਂ ਨੂੰ ਮਿਲਣ ਜਾ ਸਕੇ।

ਗੱਡੀ ਸਟੇਸ਼ਨ ਤੇ ਰੁਕੀ, ਤਾਂ ਮੌਸਮ ਦੀ ਖਰਾਬੀ ਕਾਰਨ ਜਵਾਨ ਨੂੰ ਕੋਈ ਸਵਾਰੀ ਨਾ ਮਿਲੀ। ਉਹ ਪੈਦਲ ਹੀ ਪਿੰਡ ਵਲ ਚਲ ਪਿਆ। ਬਰਫ ਪੈਣ ਕਾਰਨ ਸਾਰੀ ਧਰਤੀ ਚਿਟੀ ਹੋ ਗਈ ਸੀ ! ਦੂਰ-ਦੂਰ ਤੀਕ ਕਿਧਰੇ ਕੋਈ ਜੀਵ ਨਜ਼ਰ ਨਹੀਂ ਆਉਂਦਾ ਸੀ। ਠੰਡੀ ਹਵਾ ਤੀਰ ਵਾਂਗ ਚੁਭ ਰਹੀ ਸੀ। ਪਿੰਡ ਪੁਜਾ ਤਾਂ ਸ਼ਾਮ ਹੋ ਚੁਕੀ ਸੀ। ਖੂਹ ਦੇ ਉਤੇ ਚਰਖੀ ਲਗੀ ਸੀ। ਦਿਨ ਵਿਚ ਇਥੇ ਖਾਸੀ ਭੀੜ ਰਹਿੰਦੀ, ਪਰ ਹੁਣ ਇਹ ਥਾਂ ਖਾਲੀ ਸੀ। ਉਹਨੇ ਛਿਨ ਭਰ ਲਈ ਰੁਕ ਕੇ ਆਪਣੇ ਘਰ ਵਲ ਤਕਿਆ। ਸਾਹਮਣੇ ਗਲੀ ਦੇ ਪਨਘਟ ਤੋਂ ਛੇਵਾਂ ਮਕਾਨ ਉਹਦਾ ਸੀ। ਘਰ ਦੇ ਨੇੜੇ ਪੁਜਦੇ ਹੀ ਦਿਲ ਜ਼ੋਰ ਜ਼ੋਰ ਨਾਲ ਧੜਕਣ ਲਗਾ। ਜੀ ਕੀਤਾ, ਇਕੋ ਛਾਲ 'ਚ ਘਰ ਜਾ ਪੁਜੇ, ਪਰ... ਕੁਝ ਸੋਚਕੇ ਚਾਣਚਕ ਉਹਦੇ ਕਦਮ ਰੁਕ ਗਏ। ਮੱਥੇ ਤੇ ਤਿਉੜੀਆਂ ਆ ਗਈਆਂ ਤੇ ਹੌਲੀ-ਹੌਲੀ ਉਦਾਸ ਕਦਮ ਚੁਕ ਦਾ ਹੋਇਆ ਘਰ ਵਲ ਵਧਿਆ।

ਨੇੜੇ ਪੁਜਕੇ ਉਹਨੇ ਬਾਰੀ 'ਚੋਂ ਅੰਦਰ ਝਾਕਿਆ। ਵਿਹੜੇ 'ਚ ਦੀਵਾ ਬਲ ਰਿਹਾ ਸੀ। ਮਾਂ ਧੁੰਧਲੀ ਲੋਅ 'ਚ ਰੋਟੀ ਪਰੋਸ ਰਹੀ ਸੀ। ਉਹਦੇ ਮਨ 'ਚ ਆਇਆ ਕਿ ਦੌੜਕੇ ਉਹਦੇ ਚਰਨ ਛੂਹ ਲਵੇ, ਪਰ ਉਹ ਸੰਜਮ ਨਾਲ ਖਲੋਤਾ ਰਿਹਾ। ਉਹਨੇ ਸੋਚਿਆ ਮਾਂ ਕੁਝ ਵਧੇਰੇ ਬੁਢੀ ਹੋ ਗਈ ਹੈ। ਹੁਣ ਤਾਂ ਉਹਦੇ ਮੋਢਿਆਂ ਦੀਆਂ ਹੱਡਿਆਂ ਵੀ ਵਿਖਾਈ ਦੇਣ ਲਗੀਆਂ ਹਨ। ਹਾਲੇ ਤਕ ਉਹੀ ਪੁਰਾਣਾ ਸ਼ਾਲ ਲਈ ਰਖਿਆ ਹੈ। ਵਿਚਾਰੀ ਮਾਂ।

ਉਹ ਖਾਣੇ ਦੀਆਂ ਚੀਜ਼ਾਂ ਪਰੋਸ ਰਹੀ ਸੀ। ਰੋਟੀ, ਦੁਧ, ਆਪਣੇ ਲਈ ਤੇ ਪਤੀ ਮਿਠਾਈ ਆਦਿ। ਨਵਯੁਵਕ ਬਾਹਰੋਂ ਸਭ ਕੁਝ ਵੇਖ ਰਿਹਾ ਸੀ। ਉਹ ਨੇ ਵਧਕੇ ਬੂਹੇ ਤੇ ਹੌਲੀ ਜਿਹੀ ਦਸਤਕ ਦਿਤੀ।

'ਕੌਣ ਹੈ', ਅੰਦਰੋਂ ਅਵਾਜ਼ ਆਈ।

'ਮੈਂ ਲੈਫਟੀਨੈਂਟ ਹਾਂ ! ਯੁਧ-ਖੇਤਰੋਂ ਆਇਆ ਹਾਂ।'

'ਕੀ ਗਲ ਹੈ ਬੇਟਾ ?' ਮਾਂ ਨੇ ਪੁਛਿਆ ਨਵਯੁਵਕ ਦੇ ਦਿਲ ਤੇ ਜਿਵੇਂ ਆਰੀ ਜਿਹੀ ਚਲੀ। ਉਹ ਮਾਂ ਹੋ ਕੇ ਵੀ ਉਹਦੀ ਅਵਾਜ਼ ਨਾ ਪਛਾਣ ਸਕੀ। ਉਹ ਆਪਣੇ ਆਪ ਤੇ ਕਾਬੂ ਪਾਂਦੇ ਹੋਏ ਬੋਲਿਆ—'ਮੈਂ ਤੁਹਾਡੇ ਪੁਤਰ ਦਾ ਮਿਤਰ ਹਾਂ। ਉਹਨੇ ਕਿਹਾ ਸੀ, ਤੁਹਾਨੂੰ ਮਿਲਕੇ ਆਵਾਂ।'

ਬੂਹਾ ਖੁਲ੍ਹਿਆ ਤੇ ਮਾਂ ਹਥ ਫੜ ਕੇ ਉਹਨੂੰ ਅੰਦਰ ਲੈ ਗਈ।

'ਬੈਠ ਬਈ ! ਇਹ ਤੇਰਾ ਆਪਣਾ ਘਰ ਹੈ। ਰੱਬ ਦੀ ਮਿਹਰ ਹੈ ਕਿ ਮੇਰੇ ਪੁਤਰ ਦੀ ਸੁਖ ਸਾਂਦ ਦੀ ਖਬਰ ਮਿਲੀ। ਉਹ ਚੰਗਾ ਤਾਂ ਏ ?'

ਨਵਯੁਵਕ ਚੁਪਚਾਪ ਉਸੇ ਪੁਰਾਣੀ ਬੈਂਚ ਤੇ ਬਹਿ ਗਿਆ ਜਿਥੇ ਬਚਪਨ 'ਚ ਬੈਠਿਆ ਕਰਦਾ ਸੀ। ਜਦੋਂ ਉਹ ਛੋਟਾ ਸੀ ਤੇ ਉਸਦੇ ਪੈਰ ਜ਼ਮੀਨ ਤੇ ਨਾ ਲਗਦੇ ਤਾਂ ਮਾਂ ਉਸੇ ਬੈਂਚ ਤੇ ਬਿਠਾ ਕੇ ਉਹਨੂੰ ਖਾਣਾ ਦਿੰਦੀ ਸੀ।

'ਹੁਣ ਤਕ ਬੇਟਾ, ਤੂੰ ਟੋਨੀ ਬਾਰੇ ਨਹੀਂ ਦਸਿਆ।' ਮਾਂ ਨੇ ਉਹਨੂੰ ਚੁਪ ਤਕਕੇ ਸੁਆਲ ਕੀਤਾ।'

'ਉਹ ਝਟ ਉਸਦੇ ਬੇਟੇ ਦੀਆਂ ਗੱਲ ਕਰਨ ਲਗਾ। ਮਾਂ ਨੂੰ ਰਹਿ-ਰਹਿ ਕੇ ਪ੍ਰਸ਼ਨ ਯਾਦ ਆ ਰਹੇ ਸਨ। ਉਹ ਕੀ ਖਾਂਦਾ ਹੈ ? ਕੀ ਕਰਦਾ ਹੈ ? ਸਿਹਤ ਕਿਹੋ ਜਿਹੀ ਹੈ ? ਵਧੇਰੇ ਪਰੇਸ਼ਾਨ ਤਾਂ ਨਹੀਂ। ਨਵਯੁਵਕ ਨੇ ਸਾਰਿਆ ਪ੍ਰਸ਼ਨਾਂ ਦੇ ਸੰਤੋਖਜਨਕ ਉਤਰ ਦਿਤੇ ਤੇ ਉਸਦੇ ਬੇਟੇ ਦੀ ਵੀਰਤਾ ਦੀਆਂ ਦਾਸਤਾਨਾਂ ਸੁਣਾਂਦਾ ਰਿਹਾ।

ਬੂਹਾ ਖੁਲ੍ਹਿਆ ਤੇ ਉਹਦਾ ਪਿਤਾ ਅੰਦਰ ਆਇਆ। ਉਹ ਪਹਿਲਾਂ ਤੋਂ ਵਧ ਬਿਰਧ ਵਿਖਾਈ ਦਿੰਦਾ ਸੀ। ਦਾੜ੍ਹੀ ਚਿਟੀ ਹੋ ਰਹੀ ਸੀ। ਉਹਨੇ ਪਾਏਦਾਨ ਤੇ ਜੁਤਾ ਸਾਫ ਕੀਤਾ ਤੇ ਧੌਣ ਦੇ ਚਾਰੇ ਪਾਸੇ ਲਪੇਟਿਆ ਹੋਇਆ ਸਾਫਾ ਲਾਹਿਆ। ਫਿਰ ਕੋਟ ਲਾਹ ਕੇ ਨਵਯੁਵਕ ਨਾਲ ਹੱਥ ਮਿਲਾਇਆ। ਯੁਵਕ-ਹੈਰਾਨ ਸੀ ਕਿ ਪਿਤਾ ਨੇ ਕੋਈ ਪ੍ਰਸ਼ਨ ਨਹੀਂ ਕੀਤਾ। ਉਹ ਨੇ ਇਹ ਵੀ ਨਾ ਪੁਛਿਆ ਕਿ ਤੂੰ ਕੌਣ ਹੈ ਤੇ ਕਿਸ ਲਈ ਆਇਆ ਹੈ ? ਸ਼ਾਇਦ ਉਹ ਸਮਝ ਗਿਆ ਸੀ ਕਿ ਬੇਟੇ ਦਾ ਕੋਈ ਮਿਤਰ ਹੋਵੇਗਾ। ਨਵਯੁਵਕ ਫੁਟ-ਫੁਟ ਕੇ ਰੋਣਾ ਚਾਹੁੰਦਾ ਸੀ। ਪਿਤਾ ਨਾਲ ਲਿਪਟ ਕੇ ਆਖਣਾ ਚਾਹੁੰਦਾ ਸੀ ਕਿ ਤੁਸੀਂ ਵੀ ਮੈਨੂੰ ਪਛਾਣਦੇ ਕਿਉਂ ਨਹੀਂ। ਪਰ ਉਹਨੇ ਆਪਣੇ ਬੁਲ੍ਹ ਜ਼ੋਰ ਨਾਲ ਘੁਟ ਲਏ ਤੇ ਆਪਣੇ ਹੀ ਘਰ 'ਚ ਮਹਿਮਾਨ ਬਣ ਕੇ ਘਰ ਵਾਲਿਆਂ ਨਾਲ ਗੱਲਾਂ ਕਰਦਾ ਰਿਹਾ।

ਪਿਤਾ ਨੇ ਆਪਣੇ ਥੈਲੇ 'ਚੋਂ ਸਮਾਨ ਕਢਿਆ। ਸਭ ਜਾਣੀਆਂ ਪਛਾਣੀਆਂ ਚੀਜ਼ਾਂ ਸਨ। ਮੱਛੀ ਫੜਨ ਦੀ ਡੋਰੀ, ਚਾਹ ਦੇ ਭਾਂਡੇ, ਰੋਟੀ ਤੇ ਪਿਆਜ਼ ਦੀ ਜਾਣੀ-ਪਛਾਣੀ ਸੁੰਗਧ।

ਉਹ ਸਾਰੇ ਭੋਜਨ ਲਈ ਬੈਠੇ। ਪਿਤਾ ਨੇ ਸ਼ਰਾਬ ਦੀ ਬੋਤਲ ਮੰਗਵਾਈ ਤੇ ਦੋ




ਗਿਲਾਸ ਭਰੇ । ਖਾਂਦੇ ਸਮੇਂ ਮਾਂ ਨੇ ਇਕ ਦੋ ਵਾਰ ਧਿਆਨ ਨਾਲ ਨਵਯੁਵਕ ਦੇ ਹਥਾਂ ਵਲ ਵੇਖਿਆ । ਸ਼ਾਇਦ ਵੇਖ ਰਹੀ ਸੀ ਕਿ ਨਵ-ਯੁਵਕ ਵੀ ਉਹਦੇ ਪੁਤਰ ਵਾਂਗ ਚਮਚਾ ਫੜਦਾ ਹੈ । ਉਹ ਇਧਰ ਉਧਰ ਦੀਆਂ ਗੱਲਾਂ ਕਰਦੇ ਰਹੇ ।' ਨਵਯੁਵਕ ਨੇ ਢੇਰ ਸਾਰੇ ਪ੍ਰਸ਼ਨ ਪੁਛੇ । ਫਸਲ ਕਿਹੋ ਜਹੀ ਰਹੀ ? ਵਢਾਈ ਲਈ ਮਜ਼ਦੂਰਾ ਦਾ ਪ੍ਰਬੰਧ ਹੋ ਗਿਆ ਜਾਂ ਨਹੀਂ ? ਕੰਮ ਧੰਧੇ ਦਾ ਕੀ ਹਾਲ ਹੈ ? ਅੰਨ ਦੀਆਂ ਕੀਮਤਾਂ ਕਿਹੋ ਜਿਹੀਆਂ ਹਨ ਆਦਿ ਆਦਿ । ਉਤਰ 'ਚ ਪਿਤਾ ਨੇ ਵੀ ਉਸ ਤੋਂ ਕਈ ਗੱਲਾਂ ਪੁਛੀਆਂ । ਯੁਧ ਕਦੋਂ ਸਮਾਪਤ ਹੋਵੇਗਾ ? ਦੁਸ਼ਮਨ ਕਦੋਂ ਤਕ ਲੜੇਗਾ ?

ਮਾਂ ਨੇ ਕੇਵਲ ਇਕ ਪ੍ਰਸ਼ਨ ਪੁਛਿਆ-ਮੇਰੇ ਬੇਟੇ ਨੂੰ ਛੁਟੀ ਕਦ ਮਿਲੇਗੀ ਤੇ ਉਹ ਸਾਨੂੰ ਕਦ ਮਿਲਣ ਆਵੇਗਾ ? ਘਰ ਤੋਂ ਗਿਆ ਸੀ ਤਾਂ ਬਹੁਤ ਸਿਧਾ ਸੀ ਆਖਦੇ ਨੇ, ਯੁਧ 'ਚ ਜਵਾਨ ਪਥਰ ਦਿਲ ਹੋ ਜਾਂਦੇ ਨੇ । ਹੁਣ ਤਾਂ ਮੇਰਾ ਪੁਤਰ ਵੀ ਬਦਲ ਗਿਆ ਹੋਵੇਗਾ ।

ਨਵਯੁਵਕ ਨੇ ਝਟ ਉਤਰ ਦਿਤਾ-ਹਾਂ ਮਾਂ ! ਤੁਸੀਂ ਉਹਨੂੰ ਤਕੋ ਤਾਂ ਸ਼ਾਇਦ ਪਛਾਣ ਵੀ ਨਾ ਸਕੋ ।

ਖਾਣੇ ਦੀ ਮੇਜ਼ ਤੋਂ ਉਠੇ ਤਾਂ ਮਾਂ ਨੇ ਝਟ ਉਹਦਾ ਬਿਸਤਰਾ ਤਿਆਰ ਕੀਤਾ । ਉਹ ਘਰ 'ਚ ਇਧਰ ਉਧਰ ਵੇਖਣ ਲਗਾ ਹਰ ਚੀਜ਼ ਉਹਦੀ ਵੇਖੀ-ਭਾਲੀ ਸੀ । ਬੂਹੇ, ਉਨ੍ਹਾਂ ਤੇ ਖਿਚੀਆਂ ਰੇਖਾਵਾਂ, ਹਰ ਚੀਜ਼ ਨੂੰ ਉਹ ਚੰਗੀ ਤਰ੍ਹਾਂ ਜਾਣਦਾ ਸੀ । ਬਿਸਤਰੇ ਤੇ ਉਹ ਮੂਧੇ ਮੂੰਹ ਲੇਟ ਗਿਆ । ਦੇਰ ਤਕ ਸੋਚਦਾ ਰਿਹਾ । ਕੀ ਇਹ ਸੰਭਵ ਹੈ ਕਿ ਇਕ ਮਾਂ ਆਪਣੇ ਪੁਤਰ ਨੂੰ ਨਾ ਪਛਾਣ ਸਕੇ । ਦੁਨੀਆਂ ਦੇ ਰਿਸ਼ਤਿਆਂ ਤੋਂ ਉਹਦਾ ਵਿਸਾਹ ਉਠਣ ਲਗਾ । ਮੁੜ ਕੇ ਮਾਂ ਦੀ ਮੰਜੀ ਵਲ ਵੇਖਿਆ, ਉਹ ਵੀ ਪਾਸੇ ਬਦਲ ਰਹੀ ਸੀ। ਪਤਾ ਨਹੀਂ ਕਿਉਂ ।

ਸਵੇਰੇ ਜਦੋਂ ਅੱਖ ਖੁਲੀ ਤਾਂ ਮਾਂ ਚੁਲ੍ਹੇ ਵਿਚ ਅੱਗ ਬਾਲ ਚੁਕੀ ਸੀ । ਉਹਦੀ ਮੰਜੀ ਤੇ ਲਕ ਤੇ ਬੰਨ੍ਹਣ ਵਾਲੀ ਪੇਟੀ ਧੋਤੀ-ਧਾਤੀ ਰਖੀ ਸੀ । ਬੂਟ-ਪਾਲਸ਼ ਕੀਤੇ ਹੋਏ ਸਨ । ਸ਼ਾਇਦ ਮਾਂ ਨੇ ਉਹਦੇ ਸੁਤਿਆਂ ਹੀ ਇਹ ਸਾਰਾ ਕੰਮ ਕਰ ਦਿਤਾ ਸੀ । ਉਹਨੇ ਅਬਰੂ ਪੀਂਦੇ ਹੋਏ ਮਾ ਵਲ ਤਕਿਆ । ਉਹ ਉਹਨੂੰ ਵੇਖ ਕੇ ਬੋਲੀ—'ਮਿਠੀ ਰੋਟੀ ਖਾਵੇਗਾ ਤਾਂ ਪਕਾਵਾਂ ?'

ਉਹ ਪੇਟੀ ਕਸਦਾ ਹੋਇਆ ਬੋਲਿਆ-'ਹਾਂ ! ਜ਼ਰੂਰ ਖਾਵਾਂਗਾ ।'

ਥੋੜ੍ਹੀ ਦੇਰ ਮਗਰੋਂ ਉਹਨੇ ਪੁਛਿਆ-'ਮਾਂ ! ਇਸ ਪਿੰਡ 'ਚ ਇਕ ਕੁੜੀ ਰਹਿੰਦੀ ਸੀ, ਉਹਦਾ ਨਾਂ ਸ਼ਾਇਦ ਕੀਟੋ ਸੀ ।

'ਹਾਂ ! ਹਾ ! ਕੀਟੋ ਇਥੇ ਹੀ ਰਹਿੰਦੀ ਏ । ਹੁਣ ਤਾ ਪੜ੍ਹ ਲਿਖ ਕੇ ਅਧਿਆਪਕਾ ਬਣ ਗਈ ਏ । ਇਥੇ ਹੀ ਪਿੰਡ ਦੇ ਸਕੂਲ 'ਚ ਪੜ੍ਹਾਂਦੀ ਏ । ਤੈਨੂੰ ਮੇਰੇ ਟੋਨੀ ਨੇ ਸਭ ਕੁਝ ਦਸ ਦਿਤਾ ਹੋਵੇਗਾ ।'

'ਤੁਸਾਂ ਠੀਕ ਪਛਾਣਿਆਂ ਮਾਂ ! ਕੀ ਉਹ ਇਥੇ ਆ ਸਕਦੀ ਏ ? ਮੈਂ ਉਹਨੂੰ ਟੋਨੀ ਦਾ ਸੁਨੇਹਾ ਦੇਣਾ ਚਾਹੁੰਦਾ ਹਾਂ ।'

'ਉਹ ਜ਼ਰੂਰ ਆਵੇਗੀ ! ਆਖਰ ਟੋਨੀ ਉਹਦਾ ਪਤੀ ਬਨਣ ਵਾਲਾ ਏ ਨਾ ।'

ਇਹ ਆਖ ਕੇ ਉਹਨੇ ਇਕ ਛੋਟੀ ਕੁੜੀ ਨੂੰ ਘਲਿਆ ਤੇ ਥੋੜੀ ਦੇਰ 'ਚ ਕੀਟੋ ਦੌੜਦੀ ਹੋਈ ਆ ਗਈ । ਉਹ ਪਹਿਲਾਂ ਤੋਂ ਵਧੇਰੇ ਸੁੰਦਰ ਵਿਖਾਈ ਦੇ ਰਹੀ ਸੀ । ਅੱਖਾਂ 'ਚੋਂ ਖ਼ੁਸ਼ੀ ਛਲਕ ਰਹੀ ਸੀ । ਸ਼ਾਲ ਵਾਰ ਵਾਰ ਸਿਰੋਂ ਲੱਥ ਜਾਂਦੀ ਤੇ ਨਰਮ-ਮੁਲਾਇਮ ਸੰਘਣੇ ਕਾਲੇ ਵਾਲ ਨਜ਼ਰ ਆਉਣ ਲਗਦੇ । ਬਿਨਾਂ ਕਿਸੇ ਪਹਿਲੀ ਜਾਣ-ਪਛਾਣ ਦੇ ਨਵਯੁਵਕ ਨੂੰ ਬੋਲੀ—'ਤੂੰ ਜਰੂਰ ਟੋਨੀ ਦਾ ਸੁਨੇਹਾ ਲਿਆ-ਇਆ ਹੋਵੇਂਗਾ । ਉਹਨੂੰ ਆਖਣਾ ਕਿ ਮੈਂ ਉਹਨੂੰ ਬਹੁਤ ਚੇਤੇ ਕਰਦੀ ਹਾਂ ।'

ਇਹ ਆਖ ਕੇ ਉਹ ਨੇੜੇ ਆ ਗਈ ਤਾਂ ਜੋ ਭੇਦ ਭਰੀ ਆਵਾਜ਼ 'ਚ ਕੁਝ ਗੱਲਾ

ਆਖ ਸਕੇ । ਚਾਣਚਕ ਉਹਦੀ ਨਜ਼ਰ ਨਵ-ਯੁਵਕ ਦੇ ਚਿਹਰੇ ਤੇ ਪਈ । ਉਹਨੂੰ ਟੌਨੀ ਦੇ ਨਾਂ ਸਨੇਹਾ ਦੇਣਾ ਵੀ ਯਾਦ ਨਾ ਰਿਹਾ ।

ਨਵਯੁਵਕ ਨੂੰ ਧੱਕਾ ਜਿਹਾ ਵਜਾ । ਕੁਝ ਛੁਟੀਆਂ ਹਾਲੇ ਬਾਕੀ ਸਨ । ਫਿਰ ਵੀ ਉਹਨੇ ਨਿਸਚਾ ਕਰ ਲਿਆ ਕਿ ਅਜ ਹੀ ਵਾਪਸ ਚਲਾ ਜਾਵਗਾ ।

ਮਾਂ ਉਹਨੂੰ ਮਿੱਠੀ ਰੋਟੀ ਖਵਾ ਕੇ, ਇਧਰ-ਉਧਰ ਦੀਆਂ ਗੱਲਾਂ ਕਰਨ ਲਗੀ । ਕੀਟੋ ਹਾਲੇ ਤਕ ਚੁਧਚਾਪ ਬੈਠੀ ਸੀ । ਨਵ-ਯੁਵਕ ਨੇ ਜਾਣ ਬੁਝ ਕੇ ਆਪਣਾ ਚਿਹਰਾ ਦੂਜੇ ਪਾਸੇ ਫੇਰ ਲਿਆ ਤਾਂ ਜੋ ਕੀਟੋ ਉਹਨੂੰ ਵੇਖ ਕੇ ਭੈ ਭੀਤ ਨਾ ਹੋਵੇ । ਕੁਝ ਦੇਰ ਮਗਰੋਂ ਕੀਟੋ ਚਲੀ ਗਈ । ਨਵਯੁਵਕ ਵੀ ਤਿਆਰੀ ਕਰਨ ਲਗਾ । ਮਾਂ ਨੇ ਉਹਨੂੰ ਯਾਦ ਦਿਵਾ-ਇਆ ਕਿ ਜਾਂਦੇ ਹੀ ਪੁਤਰ ਨੂੰ ਪੱਤਰ ਘਲਣ ਲਈ ਆਖਣਾ ।

ਪਿਤਾ ਦਾ ਵਿਚਾਰ ਸੀ ਕਿ ਉਸ ਲਈ ਘੋੜਾ-ਗੱਡੀ ਦਾ ਪ੍ਰਬੰਧ ਕਰੇ, ਪਰ ਨਵਯੁਵਕ ਨੇ ਇਹਦੀ ਲੋੜ ਨਹੀਂ ਸਮਝੀ । ਉਹ ਪੈਦਲ ਹੀ ਰੇਲਵੇ-ਸਟੇਸਨ ਵਲ ਚਲ ਪਿਆ । ਉਹ ਬਹੁਤ ਨਿਰਾਸ਼ ਤੇ ਉਦਾਸ ਸੀ ਤੇ ਉਹਦਾ ਦਿਲ ਡੁਬ ਰਿਹਾ ਸੀ ।

ਜਦੋਂ ਰੈਜੀਮੈਂਟ 'ਚ ਪੁਜਾ ਤਾਂ ਸਿਪਾ-ਹੀਆਂ ਨੇ ਖੁਸ਼ੀਆਂ ਮਨਾਈਆਂ ਕਿ ਉਹ ਪਰਤ ਆਇਆ ਹੈ । ਨਵਯੁਵਕ ਵੀ ਜਤਨ ਕਰਨ ਲਗਾ ਕਿ ਘਰ ਦੀ ਯਾਦ ਨਾ ਆਵੇ । ਉਹਨੇ ਮਾਂ ਨੂੰ ਪੱਤਰ ਨਾ ਲਿਖਿਆ ਤੇ ਲਿਖਦਾ ਵੀ ਕੀ । ਰਹਿ ਗਏ ਪਿਤਾ ਤੇ ਕੀਟੋ—ਉਨ੍ਹਾਂ ਨੂੰ ਕੀ ਲਿਖਿਆ ਜਾ ਸਕਦਾ ਸੀ ।

ਸਮਾਂ ਬੀਤਦਾ ਗਿਆ । ਨਵਯੁਵਕ ਨੇ ਰੈਜੀਮੈਂਟ ਦੇ ਕੰਮਾਂ 'ਚ ਆਪਣੇ ਆਪਨੂੰ ਡੁਬੋ ਦਿਤਾ ਅਤੇ ਘਰ ਨੂੰ ਲਗਪਗ ਭੁਲ ਗਿਆ । ਫਿਰ ਉਹਨੂੰ ਮਾਂ ਦੀ ਚਿੱਠੀ ਮਿਲੀ—

'ਪੁੱਤਰ ! ਰਾਜ਼ੀ ਖ਼ੁਸ਼ੀ ਤਾਂ ਹੈ ਨਾ । ਮੈਨੂੰ ਇਹ ਲਿਖਦੇ ਸ਼ਰਮ ਜਿਹੀ ਮਹਿਸੂਸ ਹੋ ਰਹੀ ਹੈ, ਪਰ ਕੀ ਕਰਾਂ, ਲਿਖੇ ਬਿਨਾ ਵੀ ਚੈਨ ਨਹੀਂ । ਇਥੇ ਇਕ ਆਦਮੀ ਤੇਰੀ ਖ਼ੈਰ-ਖ਼ੈਰੀਅਤ ਦੇਣ ਆਇਆ ਸੀ । ਬੜਾ ਚੰਗਾ ਆਦਮੀ ਸੀ ਉਹ, ਪਰ ਉਹਦਾ ਚਿਹਰਾ ਬੜਾ ਭਿਆਨਕ ਸੀ । ਸ਼ੁਰੂ 'ਚ ਉਹਨੇ ਦਸਿਆ ਸੀ ਕਿ ਉਹ ਕੁਝ ਦਿਨ ਠਹਿਰੇਗਾ, ਪਰ ਪਤਾ ਨਹੀਂ ਕੀ ਗੱਲ ਹੋਈ ਕਿ ਇਕਾਇਕ ਉਹ ਚਲਿਆ ਗਿਆ ।'

'ਮੇਰੇ ਪੁੱਤਰ ! ਬੁਰਾ ਨਾ ਮੰਨੀ । ਉਸ ਦਿਨ ਤੋਂ ਮੈਨੂੰ ਰਾਤ ਨੂੰ ਨੀਂਦਰ ਨਹੀਂ ਆਉਂਦੀ । ਰਹਿ ਰਹਿ ਕੇ ਖ਼ਿਆਲ ਆਉਂਦਾ ਹੈ ਕਿ ਉਹ ਆਦਮੀ ਤੂੰ ਹੀ ਤਾਂ ਨਹੀਂ ਸੀ । ਸ਼ਕ ਤਾਂ ਮੈਨੂੰ ਉਸੇ ਵੇਲੇ ਹੋ ਗਿਆ ਸੀ । ਪਰ ਤੇਰੇ ਪਿਤਾ ਦੇ ਡਰੋਂ ਚੁਪ ਰਹੀ । ਉਹ ਤਾਂ ਪਹਿਲਾਂ ਹੀ ਮੈਨੂੰ ਸਨਕੀ ਸਮਝਦੇ ਹਨ । ਪਿਛੋਂ ਉਨ੍ਹਾਂ ਨਾਲ ਜ਼ਿਕਰ ਕੀਤਾ ਤਾਂ ਬੋਲੇ ਕਿ ਤੂੰ ਉਕਾ ਸਠਿਆ ਗਈ ਏਂ ! ਭਲਾ ਉਹ ਸਾਡਾ ਮੁੰਡਾ ਕਿਵੇਂ ਹੋ ਸਕਦਾ ਹੈ ? ਜੇਕਰ ਉਹਦਾ ਚਿਹਰਾ ਵਾਕਈ ਵਿਗੜ ਗਿਆ ਹੁੰਦਾ ਤਾਂ ਵੀ ਸਾਡੇ ਪਾਸੋਂ ਲੁਕਾਉਣ ਦੀ ਕੀ ਲੋੜ ਸੀ ? ਇਕ ਸਿਪਾਹੀ ਲਈ ਤਾਂ ਇਹ ਗੌਰਵ ਦੀ ਗਲ ਹੁੰਦੀ ਹੈ ਕਿ ਉਹਨੇ ਆਪਣਾ ਚਿਹਰਾ ਵੀ ਯੁਧ ਨੂੰ ਭੇਂਟ ਕਰ ਦਿਤਾ । ਸਿਪਾਹੀ ਤਾਂ ਅਜਿਹੇ ਚਿਹ-ਰਿਆਂ ਤੇ ਗੌਰਵ ਕਰਦੇ ਹਨ ।

'ਪਰ ਪੁੱਤਰ, ਮੇਰਾ ਦਿਲ ਉਹਨਾਂ ਦੀਆਂ ਗੱਲਾਂ ਪ੍ਰਵਾਨ ਨਹੀਂ ਕਰਦਾ । ਦਸੋ, ਮੈਂ ਕੀ ਕਰਾਂ । ਉਹ ਆਦਮੀ ਸੁੱਤਾ ਤਾਂ ਮੈਂ ਅਚੇਤ ਹੀ ਉਹਦਾ ਕੋਟ ਚੁਕ ਕੇ ਬਾਹਰ ਲੈ ਗਈ ਅਤੇ ਉਹਨੂੰ ਚੁੰਮਣ ਲਗੀ । ਜੇਕਰ ਉਹ ਤੂੰ ਨਹੀਂ ਸੀ ਤਾਂ ਮੇਰਾ ਦਿਲ ਕਿਉਂ ਧੜ-ਕਦਾ ਸੀ, ਮੈਂ ਕੋਟ ਕਿਉਂ ਚੁੰਮਿਆ ਸੀ ਤੇ ਮੈਨੂੰ ਨੀਂਦਰ ਕਿਉਂ ਨਹੀਂ ਆਉਂਦੀ ਹੈ ? ਮੇਰੇ ਬੱਚੇ ! ਛੇਤੀ ਆਪਣਾ ਪਤਾ ਦੇ, ਨਹੀਂ ਤਾਂ ਮੈਂ ਸਮਝਾਂਗੀ ਕਿ ਮੈਂ ਸਚਮੁਚ ਪਾਗਲ ਹਾਂ ... ...!'

ਅਨੁਵਾਦਕ :
ਸੁਰਜੀਤ
ਸੀ/34, ਸੁਦਰਸ਼ਨ ਪਾਰਕ
ਨਵੀਂ ਦਿੱਲੀ-15



# ਕਰਜ਼ਾ

(ਗੁਰਦੇਵ ਸਿੰਘ ਰੁਪਾਣਾ)

ਮੈਂ ਉੱਤਰ ਰੇਲਵੇ ਵਿਚ ਨੌਕਰੀ ਕਰਦਾ ਹਾਂ । ਮੇਰਾ ਕੰਮ ਯਾਤਰੂਆਂ ਦੀਆਂ ਟਿਕਟਾਂ ਚੈੱਕ ਕਰਨਾ ਹੈ ।

ਅੱਜ ਫੇਰ ਗੋਬਿੰਦੀ ਮਿਲ ਗਈ । ਉਹੀ ਗੋਬਿੰਦੀ, ਜਿਹੜੀ ਉਧਾਰ ਵਿਚ ਸਫਰ ਕਰਦੀ ਹੈ ਤੇ ਹਰ ਵਾਰ ਕਹਿੰਦੀ ਹੈ ਕਿ ਪਾਕਿਸਤਾਨ ਜਾਂਦਿਆਂ ਹੀ ਉਹ ਆਪਣੇ ਮਣਸ਼ੇ ਕੋਲੋਂ ਸਾਰੇ ਰੁਪਏ ਭਿਜਵਾ ਦੇਵੇਗੀ; ਉਹਦਾ ਮਣਸ਼ਾ ਕੋਈ ਜੁੱਲੀ ਚੁੱਕ ਨਹੀਂ । ਮੁਰੱਬਿਆਂ ਦਾ ਮਾਲਕ ਹੈ ।

ਉਹ ਹਰ ਵਾਰ ਦਸਦੀ ਹੈ ਕਿ ਉਹ ਦਿੱਲੀ ਪਾਸਪੋਰਟ ਬਣਾਉਣ ਗਈ ਸੀ ਤੇ ਇਸ ਵਾਰ ਉਹਨੂੰ ਅਸਲੀ ਪਾਸਪੋਰਟ ਮਿਲ ਗਿਆ ਹੈ । ਹੁਣ ਉਹ ਆਪਣੇ ਮਣਸ਼ੇ ਕੋਲ ਚਲੀ ਜਾਵੇਗੀ । ਉਹਦੇ ਸਭ ਦੁੱਖ ਦੂਰ ਹੋ ਜਾਣਗੇ ਤੇ ਉਹ ਰੇਲ ਵਾਲਿਆਂ ਦੇ ਪੈਸੇ ਭਿਜਵਾ ਦੇਵੇਗੀ ।

ਇਸ ਵਾਰ ਉਹਨੇ ਜ਼ਹਿਰ-ਮੋਹਰਾ ਰੰਗ ਦਾ ਨਵਾਂ ਸੂਟ ਪਾਇਆ ਹੋਇਆ ਸੀ ਤੇ ਉਹਨੂੰ ਬੱਚਾ ਹੋਣ ਵਾਲਾ ਸੀ । ਆਪਣੇ ਦੁਆਲੇ ਬੈਠੇ ਲੋਕਾਂ ਨੂੰ ਉਹ ਉੱਚੀ ਆਵਾਜ਼ ਵਿਚ ਦਸ ਰਹੀ ਸੀ :

"ਫਸਾਦ ਹੋਣ ਲੱਗੇ ਤਾਂ ਮੇਰਾ ਪਿਤਾ ਮੈਨੂੰ ਉਧਰੋਂ ਧਰੂਹ ਲਿਆਇਆ । ਮੈਂ ਬਥੇਰੇ ਤਰਲੇ ਕੀਤੇ ਬਈ ਮਣਸ਼ਾ ਸਾਨੂੰ ਫੁੱਲ ਦੀ ਚੋਟ ਨਹੀਂ ਆਣ ਦੇਵੇਗਾ । ਪਰ ਉਹਨੇ ਮੇਰੀ ਇਕ ਨਾ ਸੁਣੀ । ਆਖੇ, ਮੈਂ ਤਾਂ ਮਣਸ਼ੇ ਸੂਰ ਦੀ ਸੂਰਤ ਵੀ ਨਹੀਂ ਵੇਖਣੀ । ਹੁਣ ਅਗਲੇ ਉਧਰ ਪੈਰ ਨਹੀਂ ਪਾਣ ਦਿੰਦੇ—ਅਖੇ ਇਹ ਮੁਲਕ ਹੁਣ ਹੋਰ ਹੋ ਗਿਆ ਏ, ਹਿੰਦੁਸਤਾਨ ਨਹੀਂ ਰਿਹਾ; ਪਾਸਪੋਟ ਤੋਂ ਬਿਨਾਂ ਨਹੀਂ ਜਾ ਸਕਦੀ ।"

ਕਿਸੇ ਔਰਤ ਨੇ ਗੋਬਿੰਦੀ ਨੂੰ ਕੁਝ ਕਿਹਾ ਜਾਂ ਪੁੱਛਿਆ, ਜਿਸ ਦੀ ਮੈਨੂੰ ਸਮਝ ਨਹੀਂ ਆਈ । ਉਹਦੇ ਉੱਤਰ ਵਿਚ ਗੋਬਿੰਦੀ ਨੇ ਕਿਹਾ :

"ਅਸੀਂ ਲੁਧਿਆਣੇ ਆ ਕੇ ਰਹੇ । ਇਕ ਫ਼ੌਜੀ ਅਫਸਰ ਨਾਲ ਪਿਤਾ ਨੇ ਮੇਰਾ ਕਾਜ ਰਚਾ ਦਿੱਤਾ । ਉਸ ਨੂੰ ਮੇਰੇ ਵਿਚੋਂ ਮਣਸ਼ੇ ਦੀ ਖ਼ੁਸ਼ਬੋ ਆ ਗਈ... ਮਣਸ਼ਾ ਖੁਸ਼ਬੋ ਲਾਂਦਾ ਵੀ ਡਾਢੀ ਸੀ ਸੁਖ ਨਾਲ । ਕੰਨਾਂ ਵਿਚ ਅਤਰ ਦੇ ਫੰਬੇ ਦੇ ਕੇ ਜਦੋਂ ਘੋੜੀ ਉੱਤੇ ਨਿਕਲਦਾ ਤਾਂ ਸਾਰੀਆਂ ਪੈਲੀਆਂ ਮਹਿਕ ਉਠਦੀਆਂ । ਉਸ ਅਫਸਰ ਨੂੰ ਖੁਸ਼ਬੋ ਆਂਦੀ ਗਈ ਤੇ ਲੱਤ ਮਾਰ ਕੇ ਉਸ ਮੈਨੂੰ ਪਲੰਘ ਤੋਂ ਥੱਲੇ ਪਟਕ ਦਿੱਤਾ । ਮੈਂ ਪਲੰਘ ਤੋਂ ਬੱਸ ਡਿਗਦੀ ਗਈ...ਤੇ ਪਿਤਾ ਨੇ ਦਮ ਤੋੜ ਦਿੱਤਾ । ਹੋਰ ਮੇਰਾ ਕੌਣ ਸੀ ... ਆਖਿਆ, ਚਲ ਮਨਾ ਮਣਸ਼ੇ ਨੂੰ ਲਭ । ਅੱਗੇ ਗਈ, ਤਾਂ ਆਖਣ ਪਾਸਪੋਟ ਲਿਆ, ਦਿਲਿਓਂ ਮਿਲਦਾ ਏ...

"ਦਿੱਲੀ ਕਿਹੜੀ ਦੱਖਣ ਵਿਚ ਸੀ । ਮੈਂ ਦਿੱਲੀ ਚਲੀ ਗਈ । ਇਕ ਚਵਲ ਜਿਹੇ ਨੂੰ ਮੈਂ ਪੁੱਛ ਬੈਠੀ । ਉਹ ਮੈਨੂੰ ਇਕ ਕੋਠੜੀ ਜਿਹੀ ਵਿਚ ਲੈ ਗਿਆ । ਆਖੇ

ਰੌਲਾ ਨਾ ਪਾ, ਪਾਸਪੋਟ ਲਿਆ ਕੇ ਦਿਆਂਗਾ। ਮੈਂ ਆਖਿਆ, ਚਲੋ ਇਹ ਵੀ ਮਣਸ਼ੇ ਦੇ ਲੇਖੇ ਹੀ ਸਹੀ ... ਨੀ ਉਹ ਤੇ ਮੈਨੂੰ ਚੂੰਡ ਕੇ ਖਾ ਗਿਆ, ਚਵਲ ਕਿਤੋਂ ਦਾ। ਸੱਤਾਂ ਦਿਨਾਂ ਪਿਛੋਂ ਪਾਸਪੋਟ ਲਿਆ ਕੇ ਦਿਤਾ ਕਿਤੇ ... ਉਹ ਵੀ ਨਕਲੀ। ਅਗਲਿਆਂ ਉਲਟਾ ਮੋੜ ਦਿਤਾ—ਅਖੇ, ਵੱਡੇ ਅਫ਼ਸਰ ਦੇ ਦਸਖ਼ਤ ਕਰਵਾ ਕੇ ਲਿਆ। ਹਰ ਵਾਰ ਕੋਈ ਨਾ ਕੋਈ ਫਲਾਤੂ ਮੈਨੂੰ ਲਾਰਾ ਦੇ ਕੇ ਲੈ ਜਾਂਦਾ ... ਦਿੱਲੀ ਵਾਲੇ ਤਾਂ ਸਭ ਧੁੱਪੇ ਮਾਰਨ ਵਾਲੇ ਨੇ ... ਕਿਸੇ ਨੇ ਇਹ ਨਹੀਂ ਸੋਚਿਆ, ਬਈ ਇਹ ਵੀ ਕਿਸੇ ਦੀ ਧੀ ਭੈਣ ਏ, ਕਿਉਂ ਰੋਲਦੇ ਪਏ ਆਂ ਵਿਚਾਰੀ ਨੂੰ ... ਹਰ ਵਾਰ ਨਕਲੀ ਪਾਸਪੋਟ ਲਿਆ ਕੇ ਮੇਰੀ ਤਲੀ ਉਤੇ ਰਖ ਦਿੰਦੇ...ਹਰ ਵਾਰ ਅਗਲੇ ਮੈਨੂੰ ਮੋੜ ਦਿੰਦੇ...ਏਸ ਵਾਰ ਇਕ ਭਲਾ ਆਦਮੀ ਮੈਨੂੰ ਮਿਲ ਗਿਆ। ਉਹਦੀ ਗੱਲ ਸਾਰੇ ਅਫ਼ਸਰ ਮੰਨਦੇ ਨੇ। ਪੀਲੀ ਛੱਤ ਵਾਲੀ ਕਾਰ ਏ ਉਹਦੇ ਕੋਲ...ਉਹਨੇ ਮੈਨੂੰ ਇਹ ਸੂਟ ਵੀ ਸੁਆ ਕੇ ਦਿਤਾ ਏ ... ਬੜਾ ਨੇਕ ਬੰਦਾ ਏ ... ਰੱਬ ਉਹਨੂੰ ਰੰਗ ਭਾਗ ਲਾਵੇ ... ਉਹਨੇ ਅਸਲੀ ਪਾਸਪੋਟ ਲਿਆ ਕੇ ਦਿੱਤਾ ਏ ... ਹੁਣ ਮੈਨੂੰ ਕਿਸੇ ਨਹੀਂ ਰੋਕਣਾ ... ਮੈਂ ਵਿਖਾਨੀ ਆਂ ਪਾਸਪੋਟ।" ਉਹ ਗੰਢ ਖੋਹਲਣ ਲੱਗ ਪਈ। ਸਾਰਿਆਂ ਨੇ ਉਹਨੂੰ ਰੋਕ ਦਿਤਾ। ਸਭ ਸਮਝ ਗਏ ਸਨ ਕਿ ਉਹਦੇ ਕੋਲ ਕਿਹੋ ਜਿਹਾ ਪਾਸਪੋਰਟ ਹੋਵੇਗਾ।

ਮੈਂ ਉਹਨੂੰ ਕਿਹਾ, "ਫੇਰ ਆ ਗਈ ਏਂ ? ਲਿਆ ਟਿਕਟ ਵਿਖਾ।"

"ਵੇ ਵੀਰਾ ਰੱਬ ਤੇਰਾ ਭਲ਼ਾ ਕਰ, ਇਹ ਪੈਸੇ ਵੀ ਪਹਿਲਿਆਂ ਦੇ ਨਾਲ ਹੀ ਲਿਖ ਛੱਡ ... ਕੌਡੀ ਕੌਡੀ ਚੁਕਾ ਦੇਵੇਗਾ ਮੇਰਾ ਮਣਸ਼ਾ। ਉਹ ਕੋਈ ਐਰ ਗ਼ੈਰ ਨਹੀਂ। ਅੱਧੇ ਪਿੰਡ ਦਾ ਮਾਲਕ ਏ ਸੁੱਖ ਨਾਲ...ਇਸ ਵਾਰ ਮੈਨੂੰ ਅਸਲੀ ਪਾਸਪੋਟ ਮਿਲ ਗਿਆ ਏ...ਤੂੰ ਰੱਤੀ ਭਰ ਸੰਸਾ ਨਾ ਕਰ। ਕਿੰਨਾ ਕਰਜ਼ਾ ਹੋ ਗਿਆ ਤੇਰਾ ? ਪਿਛਲੀ ਵਾਰ ਤੂੰ ਦੋ ਹਜ਼ਾਰ ਦਸਿਆ ਸੀ। ਦੋ ਹਜ਼ਾਰ ਮੇਰੇ ਲਈ ਕੀ ਗੱਲ ਏ ... ?" ਉਹ ਆਪ-ਮੁਹਾਰੀ ਬੋਲਦੀ ਹੀ ਜਾ ਰਹੀ ਸੀ।

ਮੈਂ ਸੋਚਿਆ — ਤੈਨੂੰ ਪਤਾ ਨਹੀਂ ਕਿੰਨੀਆਂ ਸਰਕਾਰਾਂ ਸਿਰ ਤੇਰਾ ਕਿੰਨਾ ਕਰਜ਼ਾ ਹੈ ਵਿਚਾਰੀਏ ! ਪਰ ਇਹ ਗੱਲ ਮੈਂ ਉਹਨੂੰ ਉਚੀ ਆਵਾਜ਼ ਵਿਚ ਨਾ ਦੱਸ ਸਕਿਆ।

---


ਗੁਰਦੇਵ ਸਿੰਘ ਰੁਪਾਣਾ

ਦਾ

ਕਹਾਣੀ-ਸੰਗ੍ਰਹਿ

ਇਕ ਟੋਟਾ ਔਰਤ

ਮੁੱਲ: 4 ਰੁਪਏ



ਕੀ ਤੁਸੀਂ ਕਿਸੇ ਪ੍ਰਕਾਰ ਦੀ ਜਾਇਦਾਦ ਖਰੀਦਣ ਜਾਂ ਨਕਦ ਵੇਚਣ ਦਾ ਵਿਚਾਰ ਰੱਖਦੇ ਹੋ?

ਹਰਪਾਲ ਤੂਰ

ਦੀ ਮੁਸਕਰਾਹਟ ਤੁਹਾਡਾ ਇੰਤਜ਼ਾਰ ਕਰ ਰਹੀ ਹੈ





MELTON REAL ESTATE (B.C.) LTD.

Formerly A.E. AUSTIN & CO LTD

HARPAL TOOR

ਹਰਪਾਲ ਤੂਰ

1435 KINGSWAY
VANCOUVER B C

MOBILE RADIO 38
OFF 879-7571
RES 524-9848

*B. C.'s First Computerized Real Estate Service*



**ਸੈਂਚਰੀ ਟਰੈਵਲ ਸਰਵਿਸ**

204-3310 ਫਰੇਜ਼ਰ ਸਟਰੀਟ, ਵੈਨਕੋਵਰ, ਬੀ.ਸੀ., ਕੈਨੇਡਾ

Off. 874-9429 Res. 942-5169

*Century Travel Service*

Lowest fares to India, Pakistan, Fizi,
Middle East, Europe and All over
The World

Gursharn Sandhu

204 - 3310 Fraser St.
Vancouver, B. C., Canada
V5V 4C1

ਅਸੀਂ ਤੁਹਾਨੂੰ ਸਸਤੇ ਤੋਂ ਸਸਤੇ ਕਿਰਾਏ ਵਿੱਚ ਭਾਰਤ, ਪਾਕਿਸਤਾਨ, ਫ਼ੀਜੀ, ਮੱਧ-ਪੂਰਬ ਯੂਰਪ ਤੇ ਸਾਰੇ ਸੰਸਾਰ ਦੀ ਯਾਤਰਾ ਕਰਵਾਉਣ ਦਾ ਵਾਅਦਾ ਕਰਦੇ ਹਾਂ!

# ਛੋਟੀ ਬਹੂ

(ਪ੍ਰੇਮ ਗੋਰਖੀ)

ਖ਼ਲੀਲ ਦਾ ਇਕ ਕਦਮ ਦਹਿਲੀਜ਼ਾਂ ਤੋਂ ਅੰਦਰ ਸੀ ਤੇ ਇਕ ਬਾਹਰ ਤੇ ਜਿਵੇਂ ਉਹਨੂੰ ਕਿਸੇ ਨੇ ਬੰਨ੍ਹ ਕੇ ਖੜਾ ਕਰ ਦਿੱਤਾ ਹੋਵੇ, ਤੇ ਫਿਰ ਜਿਵੇਂ ਉਹ ਕੰਬ ਗਿਆ। ਹਵੇਲੀ ਅੰਦਰ ਕੋਈ ਚੀਕਾਂ ਮਾਰ ਮਾਰ ਰੋ ਰਿਹਾ ਸੀ, ਕੋਈ ਹਟਕੋਰੇ ਭਰ ਭਰ ਵਿਲਕ ਰਿਹਾ ਸੀ। ਇਹ ਕੇਹੀ ਆਵਾਜ਼ ਸੀ ? ਖ਼ਲੀਲ ਹਲੂਣਿਆਂ ਜਿਹਾ ਗਿਆ। ਇਹ ਕੇਹੇ ਹਟਕੋਰੇ ਸਨ ਜਿਹੜੇ ਅੱਜ 'ਦਾਰ' ਦੀ ਹਵੇਲੀ ਵਿਚੋਂ ਧੂਏਂ ਵਾਂਗ ਉੱਪਰ ਨੂੰ ਉਠ ਰਹੇ ਸਨ ? ਤੇ ਖ਼ਲੀਲ ਨੂੰ ਖੜੇ ਖੜੇ ਲਗਿਆ ਜਿਵੇਂ ਸਾਰੀ ਹਵੇਲੀ ਰੋ ਰਹੀ ਹੋਵੇ। ਹਵੇਲੀ ਦੀ ਇੱਟ ਇੱਟ ਹਟਕੋਰੇ ਭਰ ਰਹੀ ਹੋਵੇ ਤੇ ਉਹ ਸੋਚ ਵਿਚ ਸਹਿਮਿਆ ਜਿਹਾ ਦਹਿਲੀਜ਼ਾਂ ਟੱਪ ਗਿਆ। ਪਹਿਲਾ ਦਰ, ਦੂਜਾ ਦਰ, ਤੀਜਾ ਦੱਰ ਤੇ ਫਿਰ ਚੌਥੇ ਦਰ ਦੀਆਂ ਦਹਿਲੀਜ਼ਾਂ ਤੋਂ ਅੰਦਰ ਲੰਘ ਜਾਣ ਜੋਗੀ ਤਾਕਤ ਜਿਵੇਂ ਖ਼ਲੀਲ ਦੇ ਪਿੰਡੇ ਅੰਦਰੋਂ ਜਾਂਦੀ ਰਹੀ ਹੋਵੇ। ਉਹ ਖੜੇ ਦਾ ਖੜਾ ਰਹਿ ਗਿਆ ਜਦ ਉਸ ਨੇ ਦੇਖਿਆ ਦਾਰ ਜੀ ਆਪਣੀ ਛੋਟੀ ਬਹੂ ਨੂੰ ਬੈਂਤਾਂ ਨਾਲ ਮਾਰ ਰਹੇ ਸਨ, ਗਾਲ੍ਹੀ ਤੇ ਗਾਲ੍ਹੀ ਬੋਲ ਰਹੇ ਸਨ, ਤੇ ਛੋਟੀ ਬਹੂ ਰੋ ਰਹੀ ਸੀ, ਹਟਕੋਰੇ ਭਰ ਭਰ ਮਰ ਰਹੀ ਸੀ। ਲਾਲ ਸਿਊ ਜਿਹਾ ਰੰਗ ਜਿਵੇਂ ਅੱਖਾਂ ਵਿੱਚੋਂ ਚੋ ਚੋ ਵੱਗ ਰਿਹਾ ਹੋਵੇ। ਲੂਛ ਲੂਛ ਕਰਦਾ ਗੋਰਾ ਪਿੰਡਾ ਜਿਵੇਂ ਕਿਸੇ ਨੇ ਕੱਚੀ ਧੂਣੀ ਤੇ ਧੁਆਂਖ ਕੇ ਰਖ ਦਿੱਤਾ ਹੋਵੇ...ਤੇ ਖ਼ਲੀਲ ਦਹਿਲੀਜ਼ਾਂ ਵਿਚ ਖੜਾ ਸਭ ਕੁਝ ਦੇਖ ਰਿਹਾ ਸੀ, ਕੰਬ ਰਿਹਾ ਸੀ, ਤੇ ਹਿੰਮਤ ਨਹੀਂ ਸੀ ਪੈ ਰਹੀ ਉਹ ਚੌਥੇ ਦਰ ਦੀਆਂ ਦਹਿਲੀਜ਼ਾਂ ਟੱਪ ਕੇ ਕੁਝ ਤਾਂ ਜੇਰਦਾ ਕਰੇ।

ਸਾਰੀ ਹਵੇਲੀ ਉੱਪਰ ਜਿਵੇਂ ਛੋਟੀ ਬਹੂ ਦੇ ਸਿਰ ਦੀ ਖੋਪਰੀ ਘੁੰਮ ਰਹੀ ਹੋਵੇ, ਜਿਵੇਂ ਸਾਰੀ ਹਵੇਲੀ ਛੋਟੀ ਬਹੂ ਦੇ ਸਿਰ ਵਿਚ ਸਮਾਂਦੀ ਜਾ ਰਹੀ ਹੋਵੇ...ਛੋਟੀ ਬਹੂ ਦੇ ਹੋਸ਼ ਉਡਦੇ ਜਾ ਰਹੇ ਸਨ, ਤੇ ਫਿਰ ਲੇਲ੍ਹੜੀਆਂ ਕਢਦੀ ਬਹੂ ਨੂੰ, ਹਟਕੋਰੇ ਭਰ ਭਰ ਰੋਂਦੀ ਵਿਲਕਦੀ ਬਹੂ ਨੂੰ ਜਿਵੇਂ ਗ਼ਸ਼ ਆ ਪਿਆ ਹੋਵੇ। ਉਹ ਧੜਮ ਕਰਦੀ ਫ਼ਰਸ਼ ਉੱਤੇ ਡਿਗ ਪਈ, ਅੱਖਾਂ ਟੱਡੀਆਂ ਗਈ, ਲਾਲ ਬਿੰਬ ਸੁਰਖ਼ ਪਿੰਡਾ ਸੁੱਕੇ ਪੱਤੇ ਵਾਂਗ ਪੀਲਾ ਪੈਣ ਲਗ ਪਿਆ...ਨਾ ਬੋਲੇ ਨਾ ਹਿੱਲੇ...। "ਕਮਜ਼ਾਤ ਮਕਰ ਕਰਦੀ ਐ...ਉਠ ਪੈ...ਬੇਸ਼ਰਮ...ਹਰਾਮਖ਼ੋਰ...ਛਟੀ ਹੋਈ ਸਾਰੇ ਜੱਗ ਦੀ..." ਝੱਗ ਛਡਦੇ ਸਰਦਾਰ ਨੇ ਹੱਥ ਵਿਚ ਫੜਿਆ ਸੋਟਾ ਪਰ੍ਹਾਂ ਵਗਾਹ ਮਾਰਿਆ, ਤੇ ਲਾਲ ਸੁਰਖ਼ ਫਟੀਆਂ ਫਟੀਆਂ ਅੱਖਾਂ ਨਾਲ ਘੂਰਦਾ ਹੋਇਆ ਬਰਾਂਡੇ ਵਲ ਨਿਕਲ ਗਿਆ। ਸਹਿਮਿਆ ਜਿਹਾ ਖ਼ਲੀਲ ਆਪਣਿਆਂ ਪੈਰਾਂ ਵਲ ਦੇਖਦਾ ਅੱਗੇ ਵਲ ਵਧਿਆ, ਤੇ ਕੰਬਦੇ ਹੋਏ ਨੇ ਛੋਟੀ ਬਹੂ ਦੇ ਮੂੰਹ ਨੂੰ ਫੜ ਕੇ ਘੁਟਿਆ। ਉਹਨੂੰ ਤਾਂ ਸਚਮੁੱਚ ਹੀ ਗ਼ਸ਼ ਆ ਪਿਆ ਸੀ। ਤੇ ਖ਼ਲੀਲ ਦੇ ਪੈਰਾਂ ਦੀਆਂ ਤਲੀਆਂ ਜਿਵੇਂ ਕਿਸੇ ਸੇਕ ਦਿੱਤੀਆਂ ਹੋਣ, ਉਹ ਕੰਬ ਕੇ ਰਹਿ ਗਿਆ। ਡਰਦਾ ਡਰਦਾ ਉਹ ਬਾਹਰੋਂ ਪਾਣੀ ਲੈਣ ਚਲਾ ਗਿਆ, ਡਰਦਾ ਡਰਦਾ ਆ ਕੇ ਬਹੂ ਦੇ ਮੂੰਹ ਵਿਚ ਪਾਣੀ ਪਾਉਣ ਲਗ ਪਿਆ..... ਤੇ ਦੰਦ ਜਿਵੇਂ ਹੇਠੋਂ ਉਪਰੋਂ ਆਪਸ ਵਿਚ ਜੋੜ ਦਿੱਤੇ ਗਏ ਹੋਣ, ਖੋਲ੍ਹਿਆਂ ਖੁਲ੍ਹ ਨਹੀਂ ਸੀ ਰਹੇ, ਤੇ ਫਿਰ ਖ਼ਲੀਲ ਨੇ ਕੰਬਦੇ ਕੰਬਦੇ ਹੱਥੀਂ ਚਮਚੇ ਨਾਲ ਦੰਦਾਂ ਨੂੰ ਉਖੇੜ ਲਿਆ, ਇਕ ਘੁੱਟ, ਦੋ ਘੁੱਟ...... ਸਰਦਾਰਨੀ ਨੇ ਪਾਣੀ ਪਰਦਾ ਕਰ ਲਿਆ...ਤੇ ਉਹ ਉਠ ਕੇ ਬੈਠ ਗਈ, ਰੋਈ ਜਾਵੇ ਵਿਲਕੀ ਜਾਵੇ......।

ਤਿੱਖੀ ਤਿੱਖੀ ਧੁੱਪ ਪਸਰਦੀ ਜਾ ਰਹੀ ਸੀ। ਬਰਾਂਡੇ ਵਿਚ ਸਰਦਾਰ ਦੇ ਕਦਮ ਜਿਵੇਂ ਅਟਕ ਨਾ ਸਕੇ। ਉਹਦਾ ਕਾਲਜਾ ਮੱਚ ਮੱਚ ਉਠਦਾ ਸੀ।

"ਕਮਜ਼ਾਤੇ ! ਤੂੰ ਮੇਰੇ ਕੋਲੋਂ ਕੀ ਛੁਪਾ ਸਕਦੀ ਏਂ ? ਤੂੰ ਇਸ ਸੱਪ ਨੂੰ...... ਇਸ ਜ਼ਹਿਰ ਨੂੰ ਮੈਥੋਂ ਚੋਰੀ ਚੋਰੀ ਪਾਲ ਲੈਣਾ ਸੀ ? ਬੇ-ਹੱਯਾਏ ! ਇਕ ਵਾਰੀ ਨਹੀਂ ਦੋ ਵਾਰੀ ਨਹੀਂ...ਹਜ਼ਾਰ ਵਾਰ ਤੈਨੂੰ ਨਸੀਹਤਾਂ ਕਰ ਕਰ ਥੱਕ ਲੱਥਾ ਸਾਂ...ਇਸੇ ਗੱਲੋਂ ਵਰਜਦਾ ਸਾਂ...ਪਰ ਤੂੰ ਐਸੀ ਕੁੱਤੇ ਦੀ ਨਸਲ ਨਿਕਲੀ ਏਂ...ਬਸ ਇਹਦਾ ਇਲਾਜ ਅੱਜ ਹੀ ਹੋ ਕੇ ਰਹੇ ਗਾ...।" ਤੇ ਸਰਦਾਰ ਖ਼ਫ਼ਾ ਹੁੰਦਾ ਕਦਮਾਂ ਨੂੰ ਚੁੱਕੀ ਬਾਹਰ ਨਿਕਲ ਗਿਆ।

ਵਿਹੜੇ ਵਿਚ ਖੜੀ ਕਾਰ ਹੁਣੇ ਹੁਣੇ ਆਈ ਸੀ। ਇਕ ਪਲ, ਦੋ ਪਲ ਤੇ ਫਿਰ ਹਟਕੋਰੇ, ਹਾਲ ਪਾਹਰਿਆ ਹਵੇਲੀ ਦੁਆਲੇ ਪਸਰ ਗਿਆ ਸੀ। ਤੇ ਹੁਣ ਕਾਰ ਧੂੜ ਉਡਾਉਂਦੀ ਹੋਈ ਸ਼ਹਿਰ ਨੂੰ ਜਾਂਦੀ ਸੜਕੇ ਜਾ ਪਈ। ਕਾਰ ਦੇ ਜਾਣ ਨਾਲ ਹੀ ਖ਼ਲੀਲ ਦੇ ਕਦਮ ਲੜਖੜਾ ਗਏ ਤੇ ਉਹ ਮਰੇ ਮਰੇ ਕਦਮੀਂ ਬਾਹਰ ਆ ਗਿਆ। ਉਹ ਕਮਾਦ ਨੂੰ ਪਾਣੀ ਮੋੜ ਕੇ ਆਇਆ ਸੀ ਹੁਣ ਸਿੱਧਾ ਉਧਰ ਨੂੰ ਹੋ ਤੁਰਿਆ।

ਚੌਥੇ ਦਰਾਂ ਦੀਆਂ ਦਹਿਲੀਜ਼ਾਂ ਅੰਦਰ ਛੋਟੀ ਬਹੂ ਬੈਠੀ ਰੋ ਰਹੀ ਸੀ, ਤੇ ਸਾਰੇ ਅੰਦਰ ਸਜਾ ਰੱਖੇ ਚਾਂਦੀ, ਪਿੱਤਲ, ਚੀਨੀ ਦੇ ਬਰਤਨ ਚਮਕ ਰਹੇ ਸਨ...ਝਮ ਝਮ ਕਰਦੀ ਉਨ੍ਹਾਂ ਦੀ ਚਮਕ ਕੰਧਾਂ ਨੂੰ ਬੋਲਦਿਆਂ ਕਰ ਰਹੀ ਸੀ। ਪਰ ਇਕ ਛੋਟੀ ਬਹੂ ਇਸ ਸਾਰੇ ਅੰਦਰ ਐਸੀ ਚੀਜ਼ ਬੈਠੀ ਸੀ ਜਿਹਦਾ ਮੁੱਲ ਇਕ ਚੀਨੀ ਦੇ ਬਰਤਨ ਤੋਂ ਵੀ ਘਟ ਪੈਂਦਾ ਪਿਆ ਸੀ ਤੇ ਉਹਦੀ ਸਾਰੀ ਦੀ ਸਾਰੀ ਚਮਕ ਰੋ ਰਹੀ ਸੀ, ਅਤੇ ਸਾਰੀ ਹਵੇਲੀ ਨੂੰ ਰੋਂਦਿਆਂ ਕਰ ਰਹੀ ਸੀ। ਫਿਰ ਉਹ ਸਹਿਜ ਨਾਲ ਉਠੀ, ਪਲੰਘ ਉੱਪਰ ਜਾ ਬੈਠੀ, ਅੰਗ ਅੰਗ ਉਹਦਾ ਦੁਖ ਰਿਹਾ ਸੀ, ਚੱਪਾ ਚੱਪਾ ਦੇਹ ਅੰਦਰ ਚੀਸਾਂ ਉਠ ਰਹੀਆਂ ਸਨ...ਬਿੰਦ ਬਿੰਦ ਉਹਦੇ ਅੰਦਰ ਜਿਵੇਂ ਪੀੜ ਹੋ ਰਹੀ ਸੀ ਤੇ ਫਿਰ ਉਹ ਚੀਸਾਂ ਨਾਲ ਮਰਦੀ, ਪੀੜਾਂ ਨਾਲ ਕੁਰਲਾਂਦੀ ਪਲੰਘ ਉੱਤੇ ਪੈ ਗਈ। ਅਚਾਨਕ ਉਹਦਾ ਹਥ ਆਪਣੇ ਪੇਟ ਵਲ ਹੋਇਆ, ਹਥ ਅਟਕ ਗਿਆ...ਇਕ ਹੂਕ ਜਿਹੀ ਛੋਟੀ ਬਹੂ ਦੇ ਅੰਦਰੋਂ ਉਠੀ, ਤੇ ਉਹ ਪਈ ਪਈ ਧਾਹੀਂ ਰੋ ਉਠੀ। ਜਿਵੇਂ ਉਹਦੇ ਹੰਝੂ ਬੋਲ ਰਹੇ ਹੋਣ : "ਇਕ ਮਾਂ ਨੂੰ ਆਪਣਾ ਲਹੂ ਆਪਣੇ ਪੇਟ ਵਿਚ ਪਾਲਣ ਦਾ ਵੀ ਹੱਕ ਨਹੀਂ ? ਮੈਂ ਔਰਤ

ਕਾਹਨੂੰ ਬਣ ਬੈਠੀ ? ਤੇ ਜੇ ਮੈਨੂੰ ਔਰਤ ਹੀ ਬਣਾਉਣਾ ਸੀ ਤਾਂ ਮੇਰੀ ਜੰਮਣ ਕੁੱਖ ਬਾਂਝ ਰਖ ਦਿੰਦਾ...ਓਹ ਰੱਬਾ !...ਓਹ ਰੱਬਾ ! ਮੈਨੂੰ ਕੋਈ ਹਿਰਖ ਨਾ ਹੁੰਦਾ ਤੇ ਹੁਣ... ਹੁਣ ਮੈਂ ਕਿਸ ਕਿਸ ਦੇ ਲਹੂ ਨੂੰ ਪੀਵੀ ਜਾਵਾਂ ? ਕਿਸ ਕਿਸ ਦੇ ਨਕਸ਼ਾਂ ਨੂੰ ਮਿੱਟੀ ਕਰੀ ਜਾਵਾਂ ? ਮਿੱਟੀ ਵੀ ਮਿੱਟੀ ਨਹੀਂ ਰਹਿੰਦੀ, ਉਹਦੀ ਵੀ ਕੁੱਖ ਕਦੇ ਹਰੀ ਹੋ ਜਾਂਦੀ ਹੈ। ਮੈਂ ਮਿੱਟੀ ਤੋਂ ਵੀ ਗਈ ਗੁਜ਼ਰੀ ਹਾਂ......"

ਤਿੰਨ ਵਰ੍ਹੇ ਗੁਜ਼ਰ ਗਏ ਸਨ ਛੋਟੀ ਬਹੂ ਨੂੰ ਪੈਸੇ ਦੇ ਦਰਿਆ ਵਿਚ ਨਹਾਉਂਦਿਆਂ। ਹਰ ਵਰ੍ਹੇ ਉਹ ਇਕ ਬਚੇ ਦੇ ਨਕਸ਼ਾਂ ਨੂੰ ਘੜਦੀ, ਪਰ ਹਰ ਵਾਰੀ ਸਰਦਾਰ ਦੀ ਲਿਆ ਕੇ ਦਿੱਤੀ ਹੋਈ ਦਵਾਈ ਬੱਚੇ ਦੇ ਨਕਸ਼ਾਂ ਨੂੰ ਮੇਟ ਦੇਂਦੀ। ਉਹਨੂੰ ਯਾਦ ਹੈ ਜਦੋਂ ਉਹ ਹੱਥੋ ਹੱਥੀ ਵਿਕਦੀ ਇਸ ਸਰਦਾਰ ਦੇ ਹੱਥ ਆ ਗਈ ਸੀ...ਨਾਲ ਦੇ ਸ਼ਹਿਰੋਂ ਦੋ ਆਦਮੀ ਉਹਨੂੰ ਇਸ ਪਿੰਡ ਕਾਰ ਵਿਚ ਛਡ ਗਏ ਸਨ। ਉਨ੍ਹਾਂ ਦਿਨਾਂ ਵਿਚ ਇਹ ਸਰਦਾਰ ਇਹਨੂੰ ਹੱਥਾਂ ਉੱਪਰ ਚੁੱਕੀ ਫਿਰਦਾ ਸੀ। ਤੇ ਫਿਰ ਪੂਰਾ ਵਰ੍ਹਾ ਨਹੀਂ ਸੀ ਟੱਪਿਆ ਜਦੋਂ ਉਹਨੇ ਚਾਈਂ ਚਾਈਂ ਸਰਦਾਰ ਅੱਗੇ ਆਉਣ ਵਾਲੇ ਬੱਚੇ ਦੀ ਗੱਲ ਕੀਤੀ ਸੀ। ਤੇ ਸਰਦਾਰ ਨੇ ਪਤਾ ਨਹੀਂ ਕਿਹੜੀ ਚੀਜ਼ ਲਿਆ ਕੇ ਉਹਨੂੰ ਪਿਆਈ ਸੀ ਕਿ ਚੌਥੇ ਪੰਜਵੇਂ ਦਿਨ ਹੀ ਉਹਨੂੰ ਆਪਣੇ ਲਹੂ ਦੇ ਦਰਿਆ ਵਿੱਚੀਂ ਲੰਘਣਾ ਪਿਆ ਸੀ। ਉਸ ਤੋਂ ਬਾਅਦ ਉਹਨੂੰ ਯਾਦ ਨਹੀਂ ਉਹ ਕਿੰਨੀ ਵਾਰੀ ਇਹੋ ਜਿਹੇ ਲਹੂ ਦੇ ਦਰਿਆ ਵਿੱਚੀਂ ਹੁੰਦੀ ਹੋਈ ਸਰਦਾਰ ਅੱਗੇ ਵਾਸਤਾ ਪਾਂਦੀ ਰਹੀ ਸੀ। ਸਰਦਾਰ ਕੋਲੋਂ ਇਕ ਬੱਚੇ ਨੂੰ ਜੰਮ ਲੈਣ ਦੀ ਇਜਾਜ਼ਤ ਮੰਗਦੀ ਸੀ, ਬਸ ਇੱਕੋ ਬੱਚਾ...ਤੇ ਗਲ ਸੁਣਦਿਆਂ ਹੀ ਸਰਦਾਰ ਗਾਲ੍ਹੀਂ ਉੱਤਰ ਆਉਂਦਾ ਸੀ...ਹੱਥੀਂ ਵਰ੍ਹ ਪੈਂਦਾ ਸੀ...ਉਹਦੀ ਜ਼ਬਾਨ ਨੂੰ ਕੋਈ ਲਗਾਮ ਪਾਉਣ ਵਾਲਾ ਨਹੀਂ ਸੀ, "ਮੈਂ ਨਹੀਂ ਤੇਰੇ ਜਹੀ ਤੀਵੀਂ ਦੀ ਔਲਾਦ ਨੂੰ ਪਾਲ ਸਕਦਾ, ਥਾਂ ਥਾਂ ਵਿਕ ਚੁੱਕੀ ਦੇ ਅੰਦਰੋਂ ਫੁਟ ਰਹੇ ਜ਼ਹਿਰ ਨੂੰ ਪੁੱਤਰ ਨਹੀਂ ਆਖ ਸਕਦਾ..."

ਇਕ ਸਵੇਰ ਦੀ ਗੱਲ ਹੈ—ਛੋਟੀ ਬਹੂ ਦੀ ਖ਼ਿਦਮਤ ਲਈ ਪਿੰਡੋਂ ਆਈ ਤ੍ਰੀਮਤ ਨੇ ਉਸ ਨੂੰ ਸਰਦਾਰ ਬਾਰੇ ਇੰਨਾ ਕੁਝ ਦਸ ਦਿੱਤਾ ਜਿਹਦੇ ਬਾਰੇ ਛੋਟੀ ਬਹੂ ਨੂੰ ਕੁਝ ਪਤਾ ਨਹੀਂ ਸੀ। ਸਰਦਾਰ ਦੀ ਪਹਿਲੀ ਤੀਵੀਂ ਸੰਗਰੂਰ ਰਹਿ ਰਹੀ ਸੀ, ਤਿੰਨ ਮੁੰਡੇ ਤੇ ਦੋ ਕੁੜੀਆਂ, ਜਿਨ੍ਹਾਂ ਵਿੱਚੋਂ ਦੋ ਵੱਡੇ ਵਿਆਹੇ ਵਰੇ ਸਨ, ...। ਤੇ ਉਸ ਖ਼ਿਦਮਤ ਨੂੰ ਆਈ ਤ੍ਰੀਮਤ ਅੱਗੇ ਛੋਟੀ ਬਹੂ ਨੇ ਵੀ ਆਪਣਾ ਪੋਟਾ ਪੋਟਾ ਫੋਲ ਕੇ ਰਖ ਦਿੱਤਾ...ਉਹਦੇ ਅੰਦਰ ਇਕ ਜਿੰਦ ਪੁੰਗਰ ਰਹੀ ਸੀ ਤੇ ਉਹਨੇ ਪੱਕੀ ਧਾਰ ਲਈ ਸੀ ਕਿ ਸਰਦਾਰ ਕੋਲੋਂ ਇਹਦਾ ਲੁਕਾ ਰਖ ਲਿਆ ਜਾਵੇ ਗਾ। ਤੇ ਫਿਰ ਸੌ ਸੌ ਪੱਜ ਪਾ ਕੇ ਦਿਨ ਤੇ ਦਿਨ ਟਪਾਉਂਦੀ ਗਈ, ਹਫ਼ਤੇ ਤੇ ਹਫ਼ਤਾ ਗੁਜ਼ਾਰੀ ਗਈ...ਵਿਚਲੀ ਗੱਲ ਦੀ ਸਰਦਾਰ ਨੂੰ ਸਾਰ ਤਕ ਨਾ ਲਗਣ ਦਿੱਤੀ।

ਇਕ ਮਹੀਨਾ, ਦੋ ਮਹੀਨੇ, ਤਿੰਨ ਮਹੀਨੇ...ਛੋਟੀ ਬਹੂ ਨੂੰ ਬਿਮਾਰ ਪਿਆਂ ਹੋ ਗਏ ਸਨ। ਉਹਦਾ ਰੰਗ ਵੇਖ ਕੇ ਜਿਵੇਂ ਸਰਦਾਰ ਦੇ ਕੰਨ ਖੜੇ ਹੋ ਗਏ ਹੋਣ। ਤੇ ਉਹ ਬਹੂ ਨੂੰ ਕਾਰ ਵਿਚ ਬਿਠਾ ਕੇ ਅੱਜ ਸਵੇਰੇ ਸ਼ਹਿਰ ਨੂੰ ਲੈ ਤੁਰਿਆ ਸੀ। ਤੇ ਜਦੋਂ ਡਾਕਟਰ ਨੇ ਸਰਦਾਰ ਦੇ ਕੰਨੀਂ ਗੱਲ ਪਾਈ ਕਿ ਬੱਚਾ ਚਾਰ ਮਹੀਨੇ ਦਾ ਹੋ ਚੁੱਕਾ ਹੈ ਤਾਂ ਸੁਣ ਕੇ ਸਰਦਾਰ ਦੇ ਪੈਰ ਮੱਚ ਉਠੇ। ਲਹੂ ਉਹਦੀਆਂ ਅੱਖਾਂ ਵਿਚ ਉਤਰ ਆਇਆ, ਤੇ ਹੱਥ ਮਸਾਂ ਮਸਾਂ ਕਾਰ ਨੂੰ ਸੰਭਾਲ ਰਹੇ ਸਨ। ਕਾਰ ਘਰ ਆਈ, ਆਉਂਦਿਆਂ ਹੀ ਸਰਦਾਰ ਦੇ ਹੱਥ ਬੈਂਤ ਦੀ ਸੋਟੀ ਨੂੰ ਜਾ ਪਏ, ਤੇ ਫਿਰ ਛੋਟੀ ਬਹੂ ਦੇ ਇਕ ਨਹੀਂ ਦੋ ਨਹੀਂ ਦੇਹ ਦੇ ਪੋਟੇ ਪੋਟੇ ਉੱਪਰ ਬੈਂਤ ਪੈਂਦੇ ਰਹੇ, ਪੈਰਾਂ ਦੇ ਠੁੱਡੇ ਪੈਂਦੇ ਰਹੇ ਤੇ ਫਿਰ ਛੋਟੀ ਬਹੂ ਨੂੰ ਗਸ਼ ਆ ਪਿਆ।

ਪਲੰਘ ਉੱਪਰ ਬੈਠੀ ਛੋਟੀ ਬਹੂ ਦੀ ਸੋਚ ਅਟਕ ਗਈ—ਉਹਨੂੰ ਜਾਂਦੇ ਸਰਦਾਰ ਦੇ ਕਹੇ ਹੋਏ ਬੋਲ ਯਾਦ ਆ ਗਏ, ਉਹਦਾ ਦਿਲ ਕੀਤਾ, ਇਸ ਘਰ ਨੂੰ ਛੱਡ ਕੇ ਹੁਣੇ ਕਿਤੇ ਨਿਕਲ ਤੁਰੇ...ਆਪਣੇ ਬੱਚੇ ਨੂੰ ਪਾਲ ਲਵੇ, ਆਪਣੇ ਲਹੂ ਨੂੰ ਚੁੰਮ ਕੇ ਰਖ ਲਵੇ। ਤੇ ਉਹਨੇ ਪਲੰਘ ਉਪਰੋਂ ਉਠ ਕੇ ਬਾਹਰ ਨੂੰ ਖੁਲ੍ਹਦਾ ਦਰਵਾਜ਼ਾ ਅੰਦਰੋਂ ਬੰਦ ਕਰ ਲਿਆ।

ਦੂਸਰੇ ਕਿਆਰੇ ਨੂੰ ਪਾਣੀ ਮੋੜ ਕੇ ਖ਼ਲੀਲ ਨੇ ਹੱਥ ਵਿਚ ਫੜੀ ਕਹੀ ਮੋਢੇ ਉੱਪਰ ਰੱਖੀ ਹੀ ਸੀ ਜਦੋਂ ਉਹਨੂੰ ਛੋਟੀ ਬਹੂ ਦਾ ਫਿਰ ਖ਼ਿਆਲ ਆ ਗਿਆ—ਗੋਰਾ ਗੋਲ ਚਿਹਰਾ, ਰੋਂਦਾ ਹਟਕੋਰੇ ਭਰਦਾ ਮੂੰਹ...ਪਾਣੀ ਦੀ ਭਰੀ ਆਡ ਨੂੰ ਤਕ ਜਿਵੇਂ ਉਸ ਦਾ ਵੀ ਦਿਲ ਭਰ ਆਇਆ ਤੇ ਬੰਨੇ ਤੇ ਕਹੀ ਰੱਖ ਉਹ ਹਵੇਲੀ ਨੂੰ ਤੁਰ ਪਿਆ।

ਫ਼ਰਸ਼ ਉੱਪਰ ਮੇਜ਼, ਮੇਜ਼ ਉੱਪਰ ਪੀਪਾ, ਤੇ ਹੁਣ ਛੋਟੀ ਬਹੂ ਦੇ ਹੱਥ ਛੱਤ ਉੱਤੇ ਲਟਕਦੇ ਪੱਖੇ ਦੀ ਲੱਠ ਛੂਹਦੇ ਪਏ ਸਨ। ਹਵੇਲੀ ਵਿਚ ਹੋਏ ਖੜਾਕ ਨੇ ਜਿਵੇਂ ਛੋਟੀ ਬਹੂ ਦੇ ਕਾਲਜੇ ਰੁੱਗ ਆ ਭਰਿਆ ਹੋਵੇ...ਪੱਖੇ ਨਾਲ ਬੰਨ੍ਹੀ ਪੱਗ ਨੂੰ ਫੜ ਉਹਨੇ ਇਕ ਪੈਰ ਨਾਲ ਪੀਪਾ ਮੇਜ਼ ਤੋਂ ਥੱਲੇ ਸੁੱਟ ਦਿੱਤਾ। ਤੇ ਝਟ ਉਹਦਾ ਖ਼ਿਆਲ ਦੂਸਰੇ ਖੁੱਲ੍ਹੇ ਬੂਹੇ ਵਲ ਗਿਆ ਪਰ ਹੁਣ ਕੀ ਕਰ ਸਕਦੀ ਸੀ ਤੇ ਹੁਣ ...ਫ਼ਰਸ਼...ਮੇਜ਼...ਪੱਖਾ ...ਤੇ ਵਿਚਕਾਰ ਲਟਕਦੀ ਫੜ-ਫੜਾਉਂਦੀ ਛੋਟੀ ਬਹੂ ਦੀ ਅਧਮੋਈ ਦੇਹ ਦੀ ਲੀਕ... ਕੰਧ ਟੱਪ ਕੇ ਆਏ ਖ਼ਲੀਲ ਦਾ ਪਿੰਡਾ ਮੱਚ ਉਠਿਆ...ਪਲਾਂਘ ਭਰ ਕੇ ਉਸ ਨੇ ਛੋਟੀ ਬਹੂ ਦੀਆਂ ਲੱਤਾਂ ਨੂੰ ਜਾ ਫੜਿਆ...ਪਿੰਡਾ ਠੰਡਾ ਜਿਹਾ ਹੋ ਚੁੱਕਾ ਸੀ...ਤੇ ਲੰਬੀ ਧੌਣ ਪੀਲੀ ਪੈਂਦੀ ਪਈ ਸੀ ..ਤੇ ਬਾਹਰ ਕਾਰ ਦੇ ਆਉਣ ਦੀ ਆਵਾਜ਼ ..ਛੋਟੀ ਬਹੂ ਦੀਆਂ ਲੱਤਾਂ ਛਡ ਕੰਬਦਾ ਹੋਇਆ ਖ਼ਲੀਲ ਦਰਵਾਜ਼ੇ ਪਿੱਛੇ ਜਾ ਖੜਿਆ...ਉਹ ਕੰਬ ਰਿਹਾ ਸੀ...ਸਹਿਮਿਆ ਜਿਹਾ...। ਅਚਾਨਕ ਉਹਦੀ ਨਿਗ੍ਹਾ ਸਾਮ੍ਹਣੇ ਕੰਧ ਉੱਪਰ ਜਾ ਪਈ ਤੇ ਉਹਦੇ ਹੱਥ ਝਟ ਅੱਗੇ ਵਧ ਗਏ...ਖੜੱਪ ਖੜੱਪ ਕਰਦੇ ਸਰਦਾਰ ਦੇ ਕਦਮ ਬਰਾਂਡੇ ਵਿਚ ਆਏ ਹੀ ਸਨ ਕਿ ਦਰਵਾਜ਼ੇ ਪਿੱਛੇ ਖ਼ਲੀਲ ਨੇ ਦੁਨਾਲੀ ਨੂੰ ਘੁਮਾ ਕੇ ਸਰਦਾਰ ਦੇ ਖੋਪਰ ਵਿਚ ਦੇ ਮਾਰਿਆ...ਤੇ ਕੰਧ ਵਾਂਗ ਇਕ ਦੇਹ ਦਹਿਲੀਜ਼ਾਂ ਵਿਚ ਆ ਜਿਗੀ।

---

( ਟਾਈਟਲ ਸਫ਼ਾ 3 ਦੀ ਬਾਕੀ )

ਭਾਈ ਕਾਕਾ ਸਿੱਧਰਿਆ! ਤੁਸੀ ਭਾਰਤੀ ਨੌਜੁਆਨ ਦੀ ਕੁਝ ਸੋਚੋ,
ਜਥੇਦਾਰ ਤੋਂ... ਸੋਚੋ... ਤੇ ਖੁਦਾ ਖੋਜ ਲੱਭੋ ਸਾਰੀ ਗੱਲ ਦਾ...
ਬੱਸ ਖੁਦਾ ਦੇ ਤੋਰ ਆਪਣੇ ਆਪ 'ਚ ਪਿਆਰ ਦੀ ਚੋਟੀ
ਪੁਰਵਾਈ ਜਾਏ ਉਂ... !! (ਸਿੱਧਾ ਤੰਤ ਕੱਢਣ ਲੱਗਾ ਪੰਜਾਬੋਂ)

ਹੋਇਆ ਕੰਮ ਵੇਖਿਆ ਹੈ। ਜੱਗਾ ਸੁਰਜਣ ਨਾਲੋਂ ਕੁੱਝ ਅਗੇ ਹੈ।

"ਜੇ ਮੈਨੂੰ ਪੈਲ੍ਹਾਂ ਪਤਾ ਹੁੰਦਾ......"ਸੁਰਜਣ ਬੁੜਬੜਾਇਆ ਹੈ।

"ਹੁਣ ਕਰਲੈ ਜਿਹੜਾ ਕੁਝ ਤੈਥੋਂ ਹੁੰਦੈ......"ਜੱਗਾ ਆਪਣੀ ਜਿੱਤ ਦੇ ਮਾਣ ਤੇ ਗੜ੍ਹਕਿਆ ਹੈ। ਪਰ ਸੁਰਜਣ ਚੁੱਪ ਹੈ। ਉਹਦੀ ਚੁਪ ਤੋਂ ਇੰਜ ਪ੍ਰਤੀਤ ਹੋ ਰਿਹਾ ਹੈ ਜਿਵੇਂ ਉਹ ਕਹਿ ਰਿਹਾ ਹੋਵੇ"ਉਹ ਤਾਂ ਕਰੂੰਗਾ ਹੀ।"

ਦੁਪਿਹਰ ਦੀ ਰੋਟੀ ਖਾ ਕੇ ਉਹ ਸਹੀ ਦੋ ਵਜੇ ਪੈੜਾਂ ਤੇ ਫੇਰ ਆ ਖੜੇ ਹੋਏ ਹਨ ਜਿਵੇਂ ਕਿ ਉਹ ਇਕ ਦੂਜੇ ਤੋਂ ਪਛੜਨ ਤੋਂ ਡਰਦੇ ਹੋਣ। ਹੁਣ ਉਹ ਸਵੇਰੇ ਨਾਲੋਂ ਕਿਤੇ ਵਧ ਜੋਸ਼ ਵਿਚ ਹਨ। ਮੈਂ ਜੱਗੇ ਦੀਆਂ ਅੱਖਾਂ ਵਿਚ ਤੱਕਿਆ ਪਰ ਤੱਕ ਨਾਂ ਸਕਿਆ। ਉਹਦੀਆਂ ਅੱਖਾਂ ਲਾਲ ਪੀਲੂ ਵਰਗੀਆਂ ਹੋਈਆ ਹੋਈਆਂ ਹਨ। ਪਤਾ ਨਹੀਂ ਗੁਸੇ ਨਾਲ ਜਾਂ ਕਿਸੇ ਚੀਜ਼ ਦੇ ਨਸ਼ੇ ਕਰਕੇ। ਕੰਧ ਦੇ ਪਾਰ ਸੁਰਜਣ ਨੂੰ ਦੇਖਿਆ। ਉਹ ਜੱਗੇ ਨਾਲੋਂ ਵੀ ਕਈ ਚੰਦੇ ਚੜਿਆ ਹੋਇਆ ਸੀ।

ਹੁਣ ਦੋਵੇਂ ਜਣੇ ਆਪਣਾ ਪੂਰਾ ਜ਼ੋਰ ਲਾ ਕੇ ਮਸਾਲੇ ਦੀਆ ਭਰੀਆਂ ਕਰੰਡੀਆਂ ਕੰਧਾਂ ਤੇ ਸੁਟਦੇ ਤੇ ਬੜੀ ਫੁਰਤੀ ਨਾਲ ਉਹਨਾ ਤੇ ਗਰਮਾਲੇ ਫੇਰ ਰਹੇ ਹਨ ਅਤੇ ਲਲਕਾਰੇ ਮਾਰ ਰਹੇ ਹਨ। ਆਪਣੇ ਸਾਥੀ ਮਜਦੂਰਾਂ ਨੂੰ ਛੇਤੀ ਤੋਂ ਛੇਤੀ ਸਮਾਨ ਲਿਆਉਣ ਲਈ। ਠੇਕੇਦਾਰ ਵੀ ਉਹੀ ਵਾਂਗ ਘੁੰਮ ਰਿਹਾ ਹੈ ਕਦੇ ਕੰਧ ਦੇ ਉਰਾਰ ਤੇ ਕਦੇ ਕੰਧ ਦੇ ਪਾਰ, ਕਦੇ ਉਹ ਕੋਈ ਅਜਿਹੀ ਗੱਲ ਕਹਿਕੇ ਸੁਰਜਣ ਦੀ ਬੱਤੀ ਉਗਾਸ ਦਿੰਦਾ ਹੈ ਤੇ ਕਦੇ ਜੱਗੇ ਦੀ...

ਸਰਦੀਆਂ ਦੇ ਦਿਨ ਹਨ। ਦੋਵੇਂ ਮੁੜਕੋ ਮੁੜਕੀ ਹੋ ਗਏ ਹਨ ਜੱਗੇ ਨੇ ਪੱਗ ਹੀ ਲਾਹੀ ਹੈ। ਪਰ ਸੁਰਜਣ ਨੇ ਪੱਗ ਨਾਲ ਕਮੀਜ਼ ਵੀ। ਦੋਹਾਂ ਦੇ ਸਾਹ ਫੁਲੇ ਦੇਖਕੇ ਮੈਨੂੰ ਉਹਨਾਂ ਦੀ ਹਾਲਤ ਤੇ ਤਰਸ ਆ ਰਿਹਾ ਹੈ ਅਜਿਹਾ ਹੀ ਤਰਸ ਕੇਰਾਂ ਮੈਨੂੰ ਮੁਰਗਿਆਂ ਦੀ ਲੜਾਈ ਦੇਖਕੇ ਆਇਆ ਸੀ। ਮਾਲਕਾਂ ਨੇ ਵੀਹ ਵੀਹ ਰੁਪੈ ਦੀ ਸ਼ਰਤ ਲਾਈ ਹੋਈ ਸੀ ਉਹ ਖਾੜੇ ਤੋਂ ਬਾਹਰ ਖੜੇ ਮੁਰਗਿਆਂ ਦੀਆਂ ਵਜਦੀਆਂ ਤਾੜਾਂ ਨੂੰ ਦੇਖ ਦੇਖ ਕੇ ਖੁਸ਼ ਹੋ ਰਹੇ ਸਨ ਤੇ ਰੌਲਾ ਪਾ ਰਹੇ ਸਨ। ਮੁਰਗਿਆਂ ਦੀਆਂ ਕੱਲਗੀਆਂ, ਚੁੰਝਾਂ, ਦਾੜੀਆਂ ਤੇ ਧੌਣਾਂ ਦੇ ਵਾਲ ਲਹੂ ਲੁਹਾਨ ਹੋ ਗਏ ਸਨ। ਦੋਹਾਂ ਦੇ ਸਾਹ ਫੁਲ ਗਏ ਸਨ ਟੰਗਾਂ ਥੱਕ ਗਈਆਂ ਸਨ। ਬਾਜ਼ੂ ਜਵਾਬ ਦੇ ਗਏ ਸਨ ਪਰ ਮੈਦਾਨ ਕੋਈ ਨਹੀਂ ਸੀ ਛਡ ਰਿਹਾ। ਮਸਲਾ ਸ਼ਾਇਦ ਇੱਜ਼ਤ ਦਾ ਸੀ ਜਾਂ ਸ਼ਾਮ ਨੂੰ ਮਿਲਨ ਵਾਲੀ ਖੁਰਾਕ ਦਾ।

ਇਹੋ ਹਾਲ ਹੁਣ ਇਥੇ ਹੈ। ਮੈਂ ਸੋਚਾਂ ਵਿੱਚ ਗਲਤਾਨ ਹਾਂ, ਉਹ ਕੰਮ ਵਿੱਚ। ਅਚਾਨਕ ਮੇਰੀ ਨਿਗਾਹ ਘੜੀ ਤੇ ਚਲੀ ਜਾਈ ਹੈ। ਮੈਂ ਹੈਰਾਨ ਹਾਂ ਕਿ ਮਿਸਤਰੀਆਂ ਮਜ਼ਦੂਰਾਂ ਨੇ ਘੜੀ ਕਿਉਂ ਨਹੀਂ ਦੇਖੀ ਪਰ ਫੇਰ ਸੋਚਦਾ ਹਾਂ ਸ਼ਾਇਦ ਜੋਸ਼ ਨੇ ਹੋਸ਼ ਗਵਾ ਦਿਤੇ ਹਨ... "ਮਜ਼ਦੂਰਾਂ ਚੋਂ ਕਿਸੇ ਨਾ ਕਿਸੇ ਨੇ ਤਾਂ ਘੜੀ ਦੇਖ ਈ ਲੈਣੀ ਸੀ।" ਮੇਰੇ ਦਿਮਾਗ਼ ਵਿਚ ਸਵਾਲ ਉਕਰ ਆਇਆ ਹੈ।

"ਹੋ ਸਕਦਾ ਹੈ ਇਨ੍ਹਾਂ ਚੋਂ ਕਿਸੇ ਕੋਲ ਵੀ ਘੜੀ ਨਾ ਹੋਵੇ" ਫੇਰ ਦਿਮਾਗ਼ ਆਪੇ ਹੀ ਜਵਾਬ ਦੇ ਦਿੰਦਾ ਹੈ। "ਬੰਦ ਕਰੋ ਕੰਮ ਵਕਤ, ਹੋ ਗਿਆ ਹੈ" ਮੈਂ ਕੂਕ ਉਠਦਾ ਹਾਂ।

"ਚੁਪ ਕਰ ਉਏ ਉਲੂ ਦਿਆ ਪੱਠਿਆ... ਅਜੇ ਤਾਂ ਅੱਧਾ ਘੰਟਾ ਹੀ ਟੱਪਿਆ ਹੈ... ਹੋਰ ਦੇਖ ਝਟ......"ਠੇਕੇਦਾਰ ਮੈਨੂੰ ਹੋਲੀ ਜਿਹੀ ਡਾਂਟਦਾ ਹੈ।

ਹੁਣ ਉਹਨਾਂ ਨੇ ਸੰਦ ਸੁਟ ਦਿਤੇ ਹਨ। ਸ਼ਾਇਦ ਮੇਰਾ ਕੂਕਣਾ ਉਹਨਾਂ ਨੂੰ ਸੁਣ ਗਿਆ ਹੈ। ਦੋਵੇਂ ਪੈੜਾਂ ਤੋਂ ਉਤਰ ਕੇ ਤੁਰਨ ਦੀ ਕੋਸ਼ਿਸ਼ ਵਿੱਚ ਹਨ ਪਰ ਤੁਰ ਨਹੀਂ ਰਹੇ। ਜੱਗਾ ਪੈਰ ਅੱਗੇ ਧਰਦਾ ਹੈ ਪੈਰ ਅਗੇ ਨਹੀਂ ਵਧਦੇ। ਸੁਰਜਣ ਦੀਆਂ ਲੱਤਾਂ ਤੁਰਨ ਵੇਲੇ ਚੌੜੀਆਂ ਹੋ ਜਾਂਦੀਆਂ ਹਨ, ਸ਼ਾਇਦ ਦੋਹਾਂ ਦੇ ਹੇਠਲੇ ਸਰੀਰ ਪੈੜ ਤੇ ਲਗਾਤਾਰ ਖੜੇ ਰਹਿਣ ਕਰਕੇ ਆਕੜ ਗਏ ਹਨ। ਦੋਹਾਂ ਨੇ ਇਕ ਦੂਜੇ ਦਾ ਕੰਮ ਦੇਖਿਆ। ਕੰਮ ਬਿਲਕੁਲ ਇਕੋ ਜਿਹਾ ਨਿਬੜਿਆ ਹੈ।

"ਹਾਏ ਜੇ ਪਹਿਲਾਂ ਪਤਾ ਹੁੰਦਾ ਤਾਂ" ਸੁਰਜਣ ਪੀੜਤ ਮਨ ਨਾਲ ਆਪਣੇ ਸਾਥੀ ਮਜ਼ਦੂਰ ਨੂੰ ਕਹਿ ਰਿਹਾ ਹੈ।

"ਫੇਰ ਕੀ ਕਰ ਲੈਂਦਾ......"

"ਤੇਰੀ ਜ਼ੁਬਾਨ ਬੰਦ ਕਰ ਦਿੰਦਾ।

"ਝਗੜਦੇ ਕਿਉਂ ਓ... ਤੁਸੀਂ ਦੋਹੇਂ ਬਹੁਤ ਤਕੜੇ ਹੋ..." ਠੇਕਿਦਾਰ ਨੇ ਦੋਹਾਂ ਵਿਚਕਾਰ ਆਕੇ ਗੱਲ ਨਬੇੜ ਦਿਤੀ ਹੈ। ਉਹਦੀਆਂ ਅੱਖਾਂ ਕੰਧ ਤੇ ਗੱਡੀਆਂ ਹੋਈਆਂ ਹਨ ਜਿਵੇਂ ਕਿ ਉਹ ਅੱਖਾਂ ਅੱਖਾਂ ਨਾਲ ਹੀ ਕੀਤੇ ਹੋਏ ਕੰਮ ਦੀ ਮਿਣਤੀ ਕਰ ਰਿਹਾ ਹੋਵੇ ਮਜ਼ਦੂਰਾਂ-ਮਿਸਤਰੀਆਂ ਨੂੰ ਆਪਣਾ ਸਮਾਨ ਸੰਭਾਲਦਿਆਂ ਨੂੰ ਛੱਡਕੇ ਅਸਾਂ ਦੋਵੇਂ ਘਰਾਂ ਨੂੰ ਤੁਰ ਪਏ ਹਾਂ।

"ਬੜੀ ਜੁਗਤ ਲੜਾਈ ਹੈ ਤੁਸੀਂ ਤਾਂ ਹੱਦ ਹੀ ਕਰਤੀ" ਮੈਂ ਆਪਣੀ ਮਿਸਤਰੀਆਂ ਨੂੰ ਵਕਤ ਦਸਣ ਵਾਲੀ ਗੱਲ ਠੇਕੇਦਾਰ ਨੂੰ ਭੁਲਾਉਣ ਲਈ ਉਸ ਨੂੰ ਫੂਕ ਦੇਣੀ ਚਾਹਦਾ ਹਾਂ। ਉਂਝ ਉਹਨਾਂ ਦਾ ਲੱਤਾਂ ਚੌੜੀਆਂ ਤੇ ਲੜਖੜਾਉਂਦੇ ਕਦਮੀਂ ਤੁਰਨਾਂ ਮੈਂ ਅਜੇ ਵੀ ਭੁਲ ਨਹੀਂ ਸਕਿਆ

"ਇਨ੍ਹਾਂ ਗੱਲਾਂ ਦੀ ਈ ਤਾਂ ਅਸੀਂ ਕਮਾਈ ਖਾਨਿਆਂ" ਇਹ ਕਹਿ ਕੇ ਉਹ ਪੂਰੇ ਜ਼ੋਰ ਨਾਲ ਹੱਸਣ ਲਗ ਪੈਂਦਾ ਹੈ ਤੇ ਉਹਦੇ ਨਾਲ ਮੈਂ ਵੀ ਝੂਠਾ ਜਿਹਾ ਹਾਸਾ ਹੱਸ ਪੈਂਦਾ ਹਾਂ।

ਰਚਨਾਵਾਂ, ਸੁਝਾ ਤੇ ਚੰਦਾ ਭੇਜਣ ਦਾ ਪਤਾ:-

ਮਾਸਕ-ਪੱਤਰ "ਵਤਨੋਂ ਦੂਰ"

ਪੋਸਟ ਬਾਕਿਸ 1041
ਕੋਕੁਇਟਲਮ, ਬੀ.ਸੀ.

ਸਾਲਾਨਾ ਚੰਦਾ:-
ਛੇ ਡਾਲਰ

ਇੱਕ ਕਾਪੀ:-
50 ਸੈਂਟ

(ਫੱਟੀਪੋਚ ਸਾਧਾਰਣ ਅਵਸਥਾ ਵਿੱਚ ਮੰਜੀ
ਤੇ ਬਿਰਾਜਮਾਨ ਹੈ ਕਿ ਚੋਰ ਮਰੋੜਿਆਂ
ਵਾਂਗ ਹੱਥ ਵਿੱਚ ਅਖ਼ਬਾਰ ਫੜੀ ਸਿੱਧਰਾ
(ਸਿੱਧਰਾ ਪਾਗਲਾਂ ਵਾਂਗ ਰੌਲਾ ਪਾਉਂਦਾ ਹੈ)

ਸਿੱਧਰਾ : ਉਸਤਾਦ ਜੀ! ਉਸਤਾਦ ਜੀ!! ਭੈੜ ਹੀ ਹੋ ਗਿਆ...

ਫੱਟੀਪੋਚ : (ਘਬਰਾ ਕੇ ਉੱਠਦਾ) ਕੀ ਹੋਇਐ ?

ਸਿੱਧਰਾ : ਆਹ ਅਖ਼ਬਾਰ ਹੈ ਜੀ 'Province'- 21 ਨਵੰਬਰ 73 ਨੂੰ ਸਫ਼ਾ 29 ਦੀ ਖ਼ਬਰ ਨੇ ਮੈਨੂੰ ਤਾਂ ਸਾਰੀ ਅੱਗ ਹੀ ਲਾ ਦਿੱਤੀ...

ਵੈਨਕੂਵਰ ਦੇ ਦੱਖਣੀ ਪੱਛਮੀ ਏਰੀਏ 'ਚ ਦੰਗਾ ਫ਼ਸਾਦ ਹੀ ਮੱਚਿਆ ਰਹਿੰਦੈ... ਗੋਰਿਆਂ ਵੱਲੋਂ ਉਸ ਏਰੀਏ ਦੇ ਭਾਰਤੀਆਂ ਨੂੰ ਕੁੱਟਣਾ ਮਾਰਨਾ, ਗਾਲ੍ਹਾਂ ਤੇ ਧਮਕੀਆਂ-ਸ਼ਮਕੀਆਂ ਲੈਣ ਦਾ ਹੀ ਪੇਸ਼ਾ ਬਣ ਗਿਐ... ਅਖ਼ਬਾਰ ਕਹਿੰਦੈ ਕਿ ਕਈ ਪੁਰਤਗੀਜ਼ਾਨ, ਫ਼ੀਜੀਆਨ ਤੇ ਭਾਰਤੀ ਘਰ ਛੱਡ 2 ਭੱਜ ਗਏ ਹਨ ਤੇ ਕਈ ਘਰ ਦੀਆਂ ਸ਼ੀਸ਼ੇ-ਖਿੜਕੀਆਂ ਤੁੜਵਾਕੇ ਡਰੇ ਬੈਠੇ ਨੇ ਵਿਚਾਰੇ... ਪੁਲਸ ਨੇ ਜਾਂ ਆਰ ਸੀ. ਐੱਮ. ਪੀ. ਨੇ ਕੋਈ ਗ੍ਰਿਫ਼ਤਾਰੀ ਨਹੀਂ ਕੀਤੀ... ਪਰ ਕਈ ਪਤਵੰਤੇ ਸੱਜਣਾਂ ਦਾ ਕਹਿਣਾ ਹੈ ਕਿ ਆਰ. ਸੀ. ਐੱਮ. ਪੀ. ਸਾਡੀ ਬੜੀ ਮੱਦਦ ਕਰ ਰਹੀ ਹੈ...

ਫੱਟੀਪੋਚ : ਪਤਵੰਤੇ.. ਹਾ.. ਹਾ.. ਹਾ.. (ਉੱਚੀ 2 ਹੱਸਦਾ ਹੈ) ਅੱਗੇ ਕੀ ਕਹਿੰਦਾ ਏ ਤੇਰਾ ਅਖ਼ਬਾਰ, ਸਿੱਧਰਿਆ!

ਸਿੱਧਰਾ : ਆਰ. ਸੀ. ਐੱਮ. ਪੀ. ਸੰਬੰਧੀ ਇਕ ਜ਼ਿੰਮੇਵਾਰ-ਕੈਨੇਡੀਅਨ ਅਧਿਕਾਰੀ ਦਾ ਕਹਿਣਾ ਹੈ ਕਿ ਅਸੀਂ ਉਸ ਏਰੀਏ ਵਿੱਚ ਹੋਰ ਪੁਲਸ ਭੇਜਦੇ ਰਹੇ ਹਾਂ ਤਾਂ ਜੋ ਕਿ ਕੁਸ਼ ਕੰਟਰੋਲ ਹੋ ਸਕੇ...

ਫੱਟੀਪੋਚ : ਸ਼ਾਬਾਸ਼ੇ ਬਈ ਸ਼ਾਬਾਸ਼ੇ!...

ਸਿੱਧਰਾ : ਇਕ ਜ਼ਿੰਮੇਵਾਰ ਭਾਰਤੀ ਅਧਿਕਾਰੀ ਦਾ ਕਹਿਣਾ ਹੈ ਕਿ ਵੈਨਕੂਵਰ ਪੁਲੀਸ ਕੇਸ ਨੂੰ ਕੋਈ ਖ਼ਾਸ ਮਹੱਤ-ਮਹੱਤਤਾ ਨਹੀਂ ਦੇ ਰਹੀ। ਉਹਨੇ ਕਿਹਾ ਕਿ ਪਿਛਲੇ ਪੰਜ ਹਫ਼ਤਿਆਂ ਵਿੱਚ ਭਾਰਤੀਆਂ ਦੀ ਐਸੀ ਬੇਇੱਜ਼ਤੀ ਦੇ ਘੱਟੋ ਘੱਟ ਅੱਠ ਦਸ ਮਾਮਲੇ ਆਏ ਨੇ... ਉਹਨੇ ਇਹ ਵੀ ਕਿਹਾ ਕਿ ਵੈਨਕੂਵਰ ਵਿੱਚ ਕੋਈ 22000 ਭਾਰਤੀ ਵੱਸਦੇ ਨੇ... ਜੇ ਹਾਲਾਤ ਤੇ ਕਾਬੂ ਨਾਂ ਪਾਇਆ ਗਿਆ ਤਾਂ ਭਾਰਤੀਆਂ ਦਾ ਤਾਂ ਕੂੰਡਾ ਹੋ ਜਾਵੇਗਾ।

ਫੱਟੀਪੋਚ : ਆਹ ਕੀਤਾ ਕੁਸ਼ ਸਿਆਣਾ ਕਹਿੰਦੈ ਸਿੱਧਰਿਆ, ਪਰ ਜਿਹੜੇ ਐਂਵੇਂ ਕੁਫ਼ਰ ਤੋਲਦੇ ਨੇ ਬਈ ਪੁਲਸ ਬੜੀ ਮੱਦਦ ਕਰਦੀ ਏ ਸਾਡੀ; ਉਨ੍ਹਾਂ ਤੋਤਾ-ਪੁਰਸ਼ਾਂ ਨੂੰ ਕਿਉਂ ਨੀ ਸ਼ਰਮ-ਹਯਾ ਔਂਦੀ ਕੋਈ... ਹੈਂ... ਬਈ ਕਿਉਂ ਕਮਿਊਨਿਟੀ ਨਾਲ ਗੱਦਾਰੀ ਕਰਦੇ ਓ, ਧਰਮ ਰਾਜ ਕੋਲੇ ਸਭ ਨੇ ਜਾਣੈਂ, ਪੰਚਰਿਆ...

ਸਿੱਧਰਾ : ਜੀ ਅਖ਼ਬਾਰ ਨੇ ਕੈਨੇਡਾ ਦੇ 'ਨੇਟਿਵ-ਇੰਡੀਅਨਜ਼' ਤੇ ਭਾਰਤੀਆਂ ਵਿਚਾਲੇ ਫੋਰਟ ਸੇਂਟ ਜੌਨ ਵਿੱਚ ਹੋਈ ਖ਼ੂਨੀ ਵਾਰਦਾਤ ਦਾ ਵੀ ਜ਼ਿਕਰ ਕੀਤਾ ਹੈ ਕਿ ਕਿਵੇਂ ਇਹ minority groups ਗ਼ਲਤ-ਫ਼ਹਿਮੀਆਂ ਦਾ ਸ਼ਿਕਾਰ ਹੋਕੇ ਲੜਦੇ ਰਹੇ ਤੇ ਕੈਨੇਡਾ ਤਮਾਸ਼ਾ ਦੇਖਦਾ ਰਿਹਾ ਬਈ ਕਾਲੇ ਹੀ ਆ ਨਾ... ਮਰਨ ਦਿਓ ਸਾਲਿਆਂ ਨੂੰ...

ਫੱਟੀਪੋਚ : ਏਥੇ ਹੀ ਤਾਂ ਹੈ ਅੰਦਾਜ਼ਾ ਸਿੱਧਰਿਆ ਬਈ ਸਾਨੂੰ ਆਪਣੀਆਂ ਮੰਜੀਆਂ ਆਪ ਹੀ ਠੋਕਣੀਆਂ ਪੈਣ-ਗੀਆਂ... ਜਿਹੜੇ ਐਂਵੇਂ ਗੱਪ-ਸ਼ੱਪ ਛੇੜੂ ਫਿਰਦੇ ਨੇ ਨਾ ਹੌਸਲਾ ਹੀ ਖ਼ਾਤਰ, ਬਈ ਫ਼ੈਸਲਾ ਸਾਡਾ ਆਪ ਕਰੂ... ਇਸਦਾ ਸਾਡਾ ਆਪ ਕਰੂ... ਉਨ੍ਹਾਂ ਦੀ ਮੈਂ ਪੋਲੂ ਫੱਟੀ ਜਿੱਦੇਂ ਨਾਲੀ ਹੋਇਆ... ਤੱਤੇ ਪਾਣੀਆਂ ਨਾਲ ਸਿੱਧਰਿਆ ਕਿਤੇ ਘਰ ਸੜਦੇ ਹੁੰਦੇ ਆ, ਕਮਲਿਆ!

(ਸਿੱਧਰੇ ਤੋਂ ਅਖ਼ਬਾਰ ਫੜ ਲੈਂਦਾ ਹੈ)

ਫੱਟੀਪੋਚ : ਉਏ ਤੂੰ ਸਿੱਧਰਾ ਹੀ ਰਿਹਾ... ਆਹ ਅਖ਼ੀਰਲੇ ਕਾਲਮ ਦੇ ਖਿਆਲ 'ਚੋਂ ਤੂੰ Ralph McGill ਦੀ ਸਟੇਟਮੈਂਟ ਤਾਂ ਪੜ੍ਹੀ ਨੀ ਜਿਹੜੀ ਕੰਮ ਦੀ ਗੱਲ ਆ:

"ਹਾਲਾਤ ਦਾ ਸਾਹਮਣਾ ਕਰੋ ਸਾਰੇ... ਜੇ ਇਕ ਵਾਰ ਨਫ਼ਰਤ ਤੇ ਸਾੜਾ ਸ਼ੁਰੂ ਕੀਤਾ ਜਾਵੇ ਤਾਂ ਫੇਰ ਨੀ ਬਈ ਬਾਕੀ ਸਾਰੇ ਬਚੇ ਹੀ ਰਹਿ ਜਾਣਗੇ... ਸਮਾਂ ਆ ਗਿਆ, ਬਈ ਅਮਰੀਕਨ ਚੁੱਪ ਬਹਿ ਜਾਣ ਹੁਣ..."

ਸਿੱਧਰਿਆ! Ralph McGill, ਪਤਾ ਹੈ ਤੂੰ, Atlanta Constitution ਦਾ ਐਡੀਟਰ ਤੇ ਪਬਲਿਸ਼ਰ ਸੀ ਤੇ ਇਹ ਉਹਨੇ ਉਦੋਂ ਲਿਖਿਆ ਸੀ ਜਦੋਂ 1958 ਵਿੱਚ Atlanta ਵਿੱਚ ਇਕ Jewish Temple ਤੇ ਬੰਬ ਮਾਰੇ ਗਏ ਸੀ- ਸੋ

ਵਿਸ਼ੇਸ਼ ਵਿਅੰਗ:

# ਫੱਟੀਪੋਚ

ਹਰ ਰਾਸ਼ਟਰੀ, ਅੰਤਰ-ਰਾਸ਼ਟਰੀ; ਦੇਸੀ-ਬਦੇਸੀ; ਸੱਜਰੇ ਜਾਂ ਬੇਹੇ; ਸਮਾਜਕ, ਰਾਜਨੀਤਕ, ਆਰਥਕ ਧਾਰਮਕ, ਸਾਹਿੱਤਕ, ਸੱਭਿਆਚਾਰਕ ਜਾਂ ਵਿਗਿਆਨਕ ਮਸਲੇ ਨਾਲ ਸੰਬੰਧਤ 'ਭੱਦਰ-ਪੁਰਸ਼' ਦੀ ਫੱਟੀ ਪੋਚਣਾ ਮੇਰਾ ਜਮਾਂਦਰੂ ਹੱਕ ਹੈ।

-ਫੱਟੀਪੋਚ-

{ਬਾਕੀ ਸਫ਼ਾ 13 ਤੇ}

# ਨਵੀਂ ਕਵਿਤਾ

1969-70 ਵਿੱਚ ਪੰਜਾਬੀ ਕਵਿਤਾ ਵਿੱਚ ਇੱਕ ਨਵਾਂ ਮੋੜ ਆਇਆ ਹੈ। ਪੰਜਾਬੀ ਸਾਹਿੱਤ ਦੇ ਇਤਿਹਾਸ ਵਿੱਚ ਕਵਿਤਾ ਨੇ ਪਹਿਲੀ ਵਾਰ ਜ਼ਿੰਦਗੀ ਨੂੰ ਏਨਾ ਨੇੜੇ ਹੋ ਕੇ ਪੇਖਿਆ ਤੇ ਚਿਤਰਿਆ ਹੈ। 'ਆਜ਼ਾਦ ਭਾਰਤ' ਸਾਹਮਣੇ ਕਈ ਅਹਿਮ ਸਵਾਲ ਖੜੇ ਕਰਦੀ ਇਸ ਕਵਿਤਾ ਦੀ ਪਹਿਲੀ ਕਿਸ਼ਤ ਅਸੀਂ ਅਗਸਤ 73 ਵਿੱਚ ਛਾਪੀ ਸੀ। ਹੁਣ ਦੂਜੀ ਕਿਸ਼ਤ ਵਿੱਚ ਕੁਝ ਪ੍ਰਤੀਨਿਧ ਨੌਜੁਆਨ ਕਵੀ ਪੇਸ਼ ਹਨ।

## 1. ਸੰਗੀ ਸਾਥੀ

(ਦਰਸ਼ਨ ਖਟਕੜ)

ਗੋਬਿੰਦ ਸਿੰਘ ਬਾਪਨਾ ਦੇ
ਕੱਚੀ ਗੜ੍ਹੀ ਚਮਕੌਰ ਨੂੰ ਜਾਣ ਦੀ ਹਿੰਮਤ ਵੀ !
ਸਾਡੀ ਇਹ ਮਿੱਟੀ ਇਕ ਵਰਦਾਨ ਮੰਗਦੀ ਹੈ ।
ਕਿ ਸਾਡੇ ਵਿਚ ਤੂੰ ਸਲਾਮਤ ਰਹੇਂ ।......

ਯਾਰ ਸਾਡੇ ਦੀਪ ਸਿੰਘ
ਆਪਣਾ ਕੁਝ ਵੀ ਵੰਡਿਆ ਨਹੀਂ,
ਜਾਚ ਤਾਂ ਦੱਸ ਸਿਰ ਤਲੀ 'ਤੇ ਕਿਵੇਂ ਟਿਕਦਾ ਹੈ ?

ਇਹ ਸ਼ਹਿਰ ਤੇਰੀ ਸ਼ਹੀਦੀ ਦਾ
ਇਸ਼ਕ ਸਾਡੇ ਦਾ ਵੀ ਪਹਿਲਾ ਪੜਾਅ...
ਪਤਾ ਹੈ ? ਕਿ ਇਸ ਨਗਰ ਵਿਚ
ਚਲਦੀ ਚਰਖੜੀ ਤੇ ਚਲ ਰਿਹਾ ਆਰਾ—
ਇੰਟੈਰੋਗੇਸ਼ਨ ਸੈਂਟਰ ਦਾ ਜ਼ੁਲਮ
ਬਹੁਤ ਸੰਭਾਲ ਹੇਠਾਂ ਜੀਅ ਰਹੇ ਨੇ;
ਪਤਾ ਹੈ ? ਕਿ ਹੈਜ਼ੇ ਦੇ ਜਰਮ
ਓਥੇ ਖੁਆਏ ਜਾਣਗੇ ਤਾਂ ਜੁ ਸਾਨੂੰ ਆਣ ਕੈਆਂ
ਅਪਣੇ ਮੱਲ ਵਿਚ ਅਸੀਂ ਭ੍ਰਿਸ਼ਟ ਹੋ ਜਾਈਏ
ਕੋਝ ਦੀ ਪ੍ਰਦਰਸ਼ਨੀ ਸਾਡਾ ਤਨ ਹੋ ਨਿਬੜੇ

ਪਰ ਅਸਾਂ ਸਿਰ ਨਿਵਾ ਕੇ
ਗੰਦਗੀ ਵਿਚ ਰੀਂਗਦੀ ਜ਼ਿੰਦਗੀ ਨਹੀਂ ਮੰਗਣੀ !
ਸਿਰ ਉਠਾ ਕੇ ਬਿਜਲੀਆਂ ਨੂੰ ਅੱਖ ਮਾਰਾਂਗੇ
ਬੰਦਿਆਂ ਅਤੇ ਭਾਈਚਾਰਿਆਂ ਦੇ ਰਉਂ ਹੀ ਤਾਂ ਹੁੰਦੇ ਨੇ...

ਇਨ੍ਹਾਂ ਬਾਵਾਂ ਦੇ ਬੰਦ-ਕਮਰਿਆਂ ਦੇ ਜਰਮ
ਸਾਡੇ 'ਤੇ ਬੇਅਸਰ ਹਨ ।
ਅਥਾਹ ਜਿਹੀ ਤਾਕਤ ਅੰਦਰੋਂ ਉਮਡਦੀ ਹੈ
ਸੰਗੀ-ਸਾਥੀ ਕੋਲ ਢੁੱਕਦੇ ਹਨ—

ਇਕ ਖੂੰਜੇ
ਸਰਦ ਰੁੱਤੇ ਬਰਫ਼ ਉਪਰ 'ਭਗਤ' ਦਾ
ਤਨ ਮੁਸਕਰਾਂਦਾ ਹੈ...
ਔਹ ਪਰ੍ਹੇ
ਤੁਰਕੀ ਦਾ ਪੁੱਤ 'ਨਾਜ਼ਿਮ ਹਿਕਮਤ' ਆ ਕੇ ਬਹਿੰਦਾ ਹੈ
ਕਾਲੀ-ਬੋਲੀ ਸਹਿਕਦੀ ਇਸ ਰਾਤ ਤੇ
'ਫ਼ੈਜ਼' ਮੁਸਕਰਾਂਦਾ ਅਪਣਾ ਸ਼ਿਅਰ ਕਹਿੰਦਾ ਹੈ :
"ਚੰਦ ਰੋਜ਼ ਔਰ ਮੇਰੀ ਜਾਨ
ਫ਼ਕਤ ਚੰਦ ਹੀ ਰੋਜ਼ !"......

## 2. ਕੁੱਝ ਬੰਦਿਆਂ ਦੇ ਨਾਂ

(ਪਾਸ਼)

ਅਸੀਂ ਬੱਕਰੇ ਬੁਲਾਉਂਦੇ ਉਨ੍ਹਾਂ ਨੂੰ ਚੰਗੇ ਨਹੀਂ ਲਗਦੇ
ਚਲੋ ਇੰਜ ਹੀ ਸਹੀ—
ਉਹ ਤਾਂ ਬਸ ਵੈਣ ਸੁਣਦੇ ਆਏ, ਦਾਦ ਦਿੰਦੇ ਰਹੇ ।

ਜ਼ਿੰਦਗੀ, ਜੇ ਕਵਿਤਾ ਜੇਹੀ ਹੁੰਦੀ,
ਅਸੀਂ ਖਾਮੋਸ਼ ਹੀ ਰਹਿੰਦੇ
ਸੁਫਨੇ, ਜੇ ਪੱਥਰ ਦੇ ਹੁੰਦੇ
ਗੀਟਿਆਂ ਸੰਗ ਹੀ ਪਰਚ ਛੱਡਦੇ
ਪਾਣੀ ਨਾਲ ਜੇ ਢਿੱਡ ਭਰ ਸਕਦਾ
ਤਾਂ ਪੀ ਕੇ ਸੌਂ ਰਹਿੰਦੇ
ਚਾਂਦਨੀ ਜੇ ਓੜੀ ਜਾ ਸਕਦੀ
ਜਿਉਂ ਕੇ ਪਾ ਲੈਂਦੇ,

ਏਥੇ ਪਰ ਕੁੱਝ ਨਹੀਂ ਦਿਸਦਾ
ਅਮਨ ਦੀਆਂ ਘੁੱਗੀਆਂ ਵਰਗਾ
ਗੀਤਾਂ ਦੇ ਦਰਖ਼ਤ ਨਹੀਂ ਲਭਦੇ
ਜਿਨ੍ਹਾਂ ਸੰਗ ਪੀਂਘ ਪਾ ਲਈਏ—

ਅਸੀਂ ਖੋਹਣੀ ਹੈ
ਆਪਣੀ ਚੋਰੀ ਹੋਈ, ਰਾਤਾਂ ਦੀ ਨੀਂਦ
ਅਸੀਂ ਟੋਹਣਾ ਹੈ ਚੋਰ, ਖ਼ੂਨ-ਲਿਬੜੇ ਹੱਥਾਂ ਦਾ
ਉਨ੍ਹਾਂ ਨੂੰ ਭਲੇ ਲੱਗਣ ਲਈ
ਅਸੀਂ ਹੁਣ ਵੈਣ ਨਹੀਂ ਪਾਉਣੇ ।

## 3. ਮੈਂ ਇੰਞ ਕਤਲ ਨਹੀਂ ਹੋ ਸਕਦਾ

(ਗੁਰਦੀਪ ਗਰੇਵਾਲ)

ਮੈਂ ਬਹੁਤ ਦਿਨ ਜ਼ਿੰਦਗੀ ਦੇ ਨਾਮ 'ਤੇ
ਕੇਂਚੂਏ ਵਾਂਗ ਫੈਲ-ਸੁੰਗੜ ਕੇ ਗੁਜ਼ਾਰੇ ਨੇ
ਤੇ ਬੱਦਲੀਆਂ ਦੇ ਸਾਏ ਨੂੰ ਫੜਨ ਦੀ ਲਾਲਸਾ ਵਿੱਚ
ਮੈਂ ਕਈ ਵੇਰ ਮਾਰੂਥਲ 'ਚੋਂ ਗੁਜ਼ਰਿਆ ਹਾਂ
ਮੇਰੀ ਸਵੇਰ—
ਅਖ਼ਬਾਰ ਦੀ ਕੋਈ ਸੁਰਖੀ ਚੱਟ ਜਾਂਦੀ ਰਹੀ
ਤੇ ਦੁਪਹਿਰ—
ਵੇਸਵਾ ਦੇ ਵਾਂਗ ਅੰਗਾਂ ਨੂੰ ਜਗਾਉਂਦੀ ਰਹੀ
ਤੇ ਆਥਣ—
ਬੀਮਾਰ ਦੋਸਤ ਵਾਂਗ ਸਿਰਹਾਣੇ ਆ ਕੇ ਬਹਿੰਦੀ ਰਹੀ

ਮੈਂ ਨਹੀਂ ਸੀ ਚਾਹਿਆ—
—ਮੇਰੀਆਂ ਅੱਖਾਂ 'ਚ ਖ਼ੂਨ ਉੱਤਰ ਆਏ
ਤੇ ਮੇਰੇ ਪੈਰ
ਕਿਸੇ ਦੀ ਛਾਤੀ ਨੂੰ ਦਰੜ ਜਾਵਣ
ਪਰ—ਉਹਨਾਂ ਨੇ ਚਾਹਿਆ
ਮੇਰੀਆਂ ਅੱਖਾਂ ਹਿਮਾਲਾ ਦੀ ਚੋਟੀ ਹੀ ਵੇਖਣ
ਤੇ ਕੰਨ ਸਿਰਫ਼ ਵਿਵਿਧ-ਭਾਰਤੀ ਸੁਨਣ
ਮੈਂ ਬੋਲਾਂ ਤਾਂ ਕਿਸੇ ਦਲਾਲ ਦੀ ਆਵਾਜ਼
ਤੇ ਸੋਚਾਂ ਦੇ ਜਾਲੇ
ਹਨੇਰੇ ਕਮਰਿਆਂ ਵਿੱਚ ਉਣੀ ਜਾਵਾਂ ।

ਤਾਂ ਮੈਂ ਆਖਿਆ—
—ਨਹੀਂ, ਮੈਂ ਇੰਜ ਕਤਲ ਨਹੀਂ ਹੋ ਸਕਦਾ—
ਰੇਖਾਵਾਂ 'ਚ ਘਿਰੇ ਧਰਤੀ ਦੇ ਕਿਸੇ ਟੁਕੜੇ ਨੂੰ
ਮੈਂ ਆਪਣਾ ਵਤਨ ਨਹੀਂ ਕਹਿੰਦਾ
ਮੈਂ ਆਪਣੀ ਮਾਂ ਨਹੀਂ ਮੰਨਦਾ
ਤੁਸੀਂ ਦੱਸੋ;
ਜਲਗਾਉਂ, ਰਾਂਚੀ ਤੇ ਹੋਰ ਅਨੇਕ ਥਾਵਾਂ 'ਤੇ
ਕਿੰਨ੍ਹਾਂ ਮਾਵਾਂ ਦੀ ਇਸਮਤ ਲੁੱਟੀ ਗਈ ?
ਇਹ ਕੌਣ ਦੋ-ਪੈਰੇ ਜੀਵ ਨੇ
ਜੋ ਕਲਕੱਤੇ ਦੀਆਂ ਗਲੀਆਂ 'ਚ
ਗੋਲੀਆਂ ਨਾਲ ਭੁੰਨ ਦਿੱਤੇ ਗਏ ?

ਕੌਣ ਨੇ ਇਹ ਨਾਨਕ ਤੇ ਗੋਬਿੰਦ ਦੇ ਵਾਰਿਸ
ਜੋ ਹੁਕਮ ਦੇਂਦੇ ਨੇ
ਓਹੀਓ ਆਵਾਜ਼ ਕਤਲ ਕਰ ਦੇਵੋ
ਜੋ ਮੱਕੇ ਤੇ ਕਰਤਾਰਪੁਰ ਵਿੱਚ ਗੂੰਜੀ ਸੀ
ਜੋ ਮਾਛੀਵਾੜੇ 'ਚੋਂ ਅੱਜ ਵੀ ਸੁਣੀਂਦੀ ਹੈ

ਹਾਂ, ਤੇ ਮੈਂ ਸੱਚ ਕਹਿੰਦਾ ਹਾਂ
ਮੈਂ ਇੰਜ ਕਤਲ ਨਹੀਂ ਹੋ ਸਕਦਾ
ਮੇਰੇ ਹੱਥ ਕਿਸੇ ਵੀ ਸ਼ਾਹਰਗ ਤੀਕ ਪਹੁੰਚ ਸਕਦੇ ਨੇ
ਮੇਰੇ ਪੈਰ ਕਿਸੇ ਦੀ ਛਾਤੀ ਨੂੰ ਵੀ ਦਰੜ ਸਕਦੇ ਨੇ
ਜੇ ਉਹਨਾਂ ਦੀਆਂ ਨਜ਼ਰਾਂ 'ਚ
ਸਾਡਾ ਮੁੱਲ ਗੋਲੀ ਦਾ ਇਕ ਸਿੱਕਾ ਹੈ
ਤਾਂ ਸਾਡੀ ਤਲਵਾਰ
ਕਿਸੇ ਦੀ ਮੋਰ ਵਰਗੀ ਧੌਣ 'ਤੇ ਵੀ ਚੱਲ ਸਕਦੀ ਹੈ;

ਯਾਦ ਰੱਖੋ—
ਸਾਡਾ ਡੁੱਲ੍ਹਿਆ ਖ਼ੂਨ ਹੁਣ ਸਫ਼ੈਦ ਨਹੀਂ ਹੋਣਾ
ਸਾਡੇ ਵਿੱਚ ਪਲ ਰਹੇ ਸੱਚ ਦੀ
ਪਰਖ ਦਾ ਹੁਣ ਵਕਤ ਆਇਆ ਹੈ ।

## 4. ਸੁਪਨੇ

(ਹਰਿਭਜਨ ਹਲਵਾਰਵੀ)

ਸੁਪਨੇ ਹਰ ਥਾਂ ਆਉਂਦੇ ਨੇ ।
ਪਿੰਡੇ 'ਤੇ ਸੂਰਜ ਦੀਆਂ ਕਿਰਨਾਂ ਪੈਣ
ਜਾਂ ਜ਼ਾਲਮ ਲਾਠੀਆਂ ਦੀਆਂ ਲਾਸਾਂ ।
ਢਿੱਡ ਵਿਚ ਮੱਕੀ ਦੀ ਰੋਟੀ, ਸਾਗ
ਤੇ ਔਲਿਆਂ ਦਾ ਅਚਾਰ ਹੋਵੇ
ਜਾਂ ਰੇਤ ਮਿਲਿਆ ਅੰਨ
ਤੇ ਰੋੜਾਂ ਵਾਲੀ ਦਾਲ ।
ਭਾਫ਼ਾਂ ਛਡਦੀ ਚਾਹ ਹੋਵੇ
ਜਾਂ ਫੋਕੇ ਪਾਣੀ ਦੀ ਘੁੱਟ ।
ਹੱਸਦੇ ਯਾਰਾਂ ਦੀ ਮਹਿਫ਼ਲ ਹੋਵੇ
ਜਾਂ ਪਾਲਤੂ ਕੁੱਤਿਆਂ ਦੀ ਘੂਰੀ ।
ਫੁੱਲ ਖਿੜ ਰਹੇ ਹੋਣ
ਜਾਂ ਪੱਤੇ ਝੜ ਰਹੇ ।
ਤਪਦੀ ਦੁਪਹਿਰ ਹੋਵੇ
ਜਾਂ ਕੱਕਰੀ ਰਾਤ ।
ਰੁਮਕਦੀ ਪੌਣ ਹੋਵੇ
ਜਾਂ ਬੰਦ ਕੋਠੜੀ ਹੁੰਮਸ ।
ਹੱਥ ਵਿਚ ਕਲਮ ਹੋਵੇ
ਜਾਂ ਹੱਥਕੜੀ ਦਾ ਛੱਲਾ ।
ਇਹ ਥਾਂ ਕੁਥਾਂ ਨਹੀਂ ਵੇਖਦੇ,
ਸੁਪਨੇ ਤਾਂ ਹਰ ਥਾਂ ਆਉਂਦੇ ਨੇ ।

---

ਉਪਰੋਕਤ ਕਵੀਆਂ ਦੀਆਂ ਰਚਨਾਵਾਂ ਵਾਲੇ ਕੁਝ ਕਾਵਿ-ਸੰਗ੍ਰਹਿ :

- ਲੋਹ ਕਥਾ ........ ਪਾਸ਼
- ਆਰੰਭ ........ ਸੰ: ਮੋਹਨਜੀਤ
- ਮਿੱਟੀ ਦਾ ਰੰਗ .. ਸੰ: ਅ. ਚੰਦਨ

## 5. ਉਹ

(ਅਮਰਜੀਤ ਚੰਦਨ)

ਉਹ ਆ ਰਿਹਾ ਹੈ, ਉਹ ਆਵੇਗਾ, ਉਸ ਦੇ ਹੱਥ ਵਿਚ ਬੰਦੂਕ ਹੋਵੇਗੀ
ਜਿਸ ਨੂੰ ਉਹ ਮਧੁਰ-ਰਾਗਣੀਆਂ ਦਾ ਸਾਜ਼ ਕਹਿੰਦਾ ਹੈ
ਜਲਾਵਤਨ ਬੋਲਾਂ ਨੂੰ ਉਹਨਾਂ ਦਾ ਵਤਨ ਮਿਲੇਗਾ
ਇਕ ਨਹੀਂ, ਦੋ ਨਹੀਂ, ਕਿੰਨੇ ਹੀ ਵੀਅਤਨਾਮਾਂ ਵਿਚ !

ਇਹ ਗੱਲ ਅੱਜ ਰਾਤ
ਬੌਣੇ ਚੰਨ ਨੇ ਥੱਕੀ ਹੋਈ ਪਾਇਲ ਨੂੰ ਦੱਸੀ
ਇਸ ਵਿਸ਼ਵਾਸ ਨਾਲ ਕਿ ਉਹ ਉੱਚੀਆਂ ਚਿਮਨੀਆਂ ਨੂੰ ਬੌਣਾ ਕਰ ਕੇ ਛੱਡੇਗਾ
ਕਿ ਉਸ ਦੀ ਪੈੜ ਇਹ ਸੁਨੇਹਾ ਲੈ ਕੇ
ਉਸ ਦੇ ਰਿਸ਼ਮਈ ਕੰਨਾਂ ਤਕ ਚਲ ਕੇ ਆਈ ਹੈ
ਕਿ ਉਹ ਫਰਿਸ਼ਤਾ ਉਸ ਪੜਾਅ ਤੇ ਹੈ
ਜਿੱਥੋਂ ਨਜ਼ਰ ਦਸ ਨਹੀਂ ਸਕਦੀ ਕਿ ਕੋਈ ਆਉਂਦਾ ਹੈ ਜਾਂ ਜਾਂਦਾ ਹੈ
ਤੇ ਕਿਸੇ ਦੀ ਆਮਦ ਦਾ ਭਰਮ ਬਣਦਾ ਤੇ ਟੁਟਦਾ ਹੈ

ਤੇ ਪਾਇਲ 'ਚ ਛਣਕਦੀਆਂ ਉੱਲੂ ਦੀਆਂ ਅੱਖਾਂ ਨੇ
ਝੱਟ ਉਸ ਬਾਜ਼ ਨੂੰ ਚਿਤਵਿਆ ਜਿਸ ਦੇ ਇਕ ਹੱਥ ਤੀਰਾਂ ਦਾ ਗੁੱਛਾ ਹੈ
ਇਕ ਹੱਥ ਹਰੀ ਕਚੂਚ ਕਿਸੇ ਰੁੱਖ ਦੀ ਟਹਿਣੀ
ਤੇ ਜਿਸ ਦੇ ਪੈਰਾਂ ਉੱਤੇ ਜੜੇ ਹੋਏ ਪੰਜਾਹ ਸਿਤਾਰੇ

ਪਰ ਅਸੀਂ ਜੋ ਉਸ ਦੀ ਪੈੜ ਦੀ ਮਿੱਟੀ 'ਚੋਂ ਉੱਗੇ ਫੁੱਲ ਹਾਂ
ਉਹਦਾ ਇੰਤਜ਼ਾਰ ਭੁੱਲ ਬੈਠੇ
ਤੇ ਬਾਦਬਾਨਾਂ ਉੱਤੇ ਖੁਦ ਲਿਖ ਕੇ ਅੱਖਰ
ਸੋਨੇ ਦੇ ਤੋਤੇ ਪਾਸੋਂ ਇਹ ਅਖਵਾਉਂਦੇ ਰਹੇ :
"ਸਮੁੰਦਰ ਨੱਚ ਰਿਹਾ ਹੈ
ਇਹਦੇ ਵਿਚ ਛਾਲ ਨਾ ਮਾਰੋ !"

ਸਾਡੇ ਚੋਰੀ ਤੋਤੇ ਨੇ ਕਈ ਵਾਰੀ ਲਹਿਰਾਂ ਤੋਂ ਪੁੱਛਿਆ :
'ਮੁਰਗਾਬੀਆਂ ਨੂੰ ਕਿਸ ਤਰਨਾ ਸਿਖਾਇਆ ਹੈ ?'
ਲਹਿਰਾਂ ਹੱਸਦੀਆਂ ਤੇ ਦੱਸਦੀਆਂ :
'ਮੁਰਗ਼ਾਬੀਆਂ ਨੂੰ ਕਿਸ ਤਰਨਾ ਸਿਖਾਇਆ ?'

ਉਹ ਆਵੇਗਾ
ਭਵਿੱਖ ਸਾਡੇ ਕਦਮਾਂ ਵਿਚ ਹੋਏਗਾ

---

## 6. ਗੀਤ

(ਲਾਲ ਸਿੰਘ ਦਿਲ)

ਸਤਲੁਜ ਦੀਏ, 'ਵਾਏ ਨੀ !

ਪ੍ਰੀਤ ਤੇਰੇ ਨਾਲ ਸਾਡੀ, 'ਵਾਏ ਨੀ
ਫੇਰ ਅਸੀਂ ਕੋਲ ਤੇਰੇ ਆਏ ਨੀ

ਦਿਲ ਪਹਿਚਾਣ ਸਾਡਾ ਉੱਠ ਕੇ
ਸਿਰ ਅਸੀਂ ਨਾਲ ਨਾ ਲਿਆਏ ਨੀ

ਆਏ ਸੱਤਾਂ ਸਾਗਰਾਂ ਨੂੰ ਚੀਰ ਕੇ
ਪਾਣੀ ਤੇਰੇ ਦੇ ਤ੍ਰਿਹਾਏ ਨੀ

ਪਿਆਰ ਤੇਰਾ ਛੋਹੇ ਜਿਹੜੇ ਦਿਲ ਨੂੰ
ਉਹ ਸੂਰਜਾਂ ਦੀ ਅੱਗ ਬਣ ਜਾਏ ਨੀ

ਜਦ ਅੰਗ ਅੰਗ ਦੇਗਾਂ 'ਚ ਉਬਾਲਿਆ
ਘੱੜੇ ਤਾਂ ਪਹਾੜ ਦੇ ਦੁੜਾਏ ਨੀ

ਥਾਂ ਥਾਂ ਮੱਕੀ ਬਾਜਰੇ ਨੇ ਸਿਸਕਦੇ
ਕਾਲਾ ਅੰਗਰੇਜ਼ ਹੱਸੀ ਜਾਏ ਨੀ

ਸਤਲੁਜ ਦੀਏ 'ਵਾਏ ਨੀ !

## 7. ਕਿਸ ਨੂੰ ਉਡੀਕਦੇ ਹੋ?

(ਵਰਿਆਮ ਸਿੰਘ ਸੰਧੂ)

ਕਿਸ ਨੂੰ ਉਡੀਕਦੇ ਹੋ ?
ਗੋਬਿੰਦ ਨੇ ਹੁਣ ਪਟਨੇ 'ਚੋਂ ਨਹੀਂ ਆਉਣਾ
ਮਸਤਕ ਤੋਂ ਹੱਥ ਤਕ
ਇਹੋ ਹੀ ਰਸਤਾ ਕੇਸਗੜ੍ਹ ਦੇ ਮੈਦਾਨ ਨੂੰ ਜਾਂਦਾ ਹੈ

ਮੌਸਮ ਦੀ ਪੁੱਛਦੇ ਹੋ ਤਾਂ ਸੁਣੋ
ਉਂਝ ਮੌਸਮ ਸੁਣੀਂਦਾ ਨਹੀਂ ਵੇਖੀਦਾ ਹੈ
ਇਹ ਮੌਸਮ ਹੈ ਜਦ ਕੁਝ ਤਲੀਆਂ ਵਿਚ ਸੀਸ ਉਗਣੇ ਨੇ
ਤੇ ਬਦਲਣੀ ਹੈ ਦੂਜੀਆਂ ਤਲੀਆਂ ਦੀ ਰੇਖ
ਵਹਿਮ ਨਾ ਕਰੋ
ਤਕੜੀ 'ਚ ਨੁਕਸ ਹੈ ਤੁਹਾਡਾ ਮਾਸ ਹੌਲਾ ਨਹੀਂ

ਭੁੱਖਾ ਆਦਮੀ ਜੀਵੇ ਜੇ ਤੇਈ ਦਿਨ ਮੁਸ਼ਕਲ ਨਾਲ
ਖਾਲੀ ਢਿੱਡ ਵਾਲੇ ਭਾਸ਼ਣ ਫਿਰ ਜੀਣਗੇ ਕਿੰਨਾ ਕੁ ਚਿਰ ?

ਸਾਡੀਆਂ ਕਬਰਾਂ ਸਨ ਉਹਨਾਂ ਦੇ ਮੱਥੇ ਦੇ ਵੱਟ
ਅਸੀਂ ਹੁਣ ਉਠ ਕੇ ਤੁਰ ਪਏ
ਉਹ ਸਾਨੂੰ ਭੂਤ ਕਹਿੰਦੇ ਨੇ, ਵਿਚਾਰੇ ! ਸੱਚ ਕਹਿੰਦੇ ਨੇ

ਇਹ ਬਦਲਦੇ ਅਰਥਾਂ ਦਾ ਮੌਸਮ
ਕਲਮ ਦੇ ਉਸ ਸਫ਼ਰ ਦਾ ਸੂਚਕ
ਉਡੀਕ ਰਹੇ ਜਿਸ ਨੂੰ ਜ਼ਫ਼ਰਨਾਮੇ ਦੇ ਤੜਪਦੇ ਕਾਗਜ਼
ਤੇ ਜੇ ਸਫ਼ਰ ਦਾ ਮੌਸਮ ਹੈ—ਤਾਂ ਕਿਸ ਨੂੰ ਉਡੀਕਦੇ ਹੋ ?
ਗੋਬਿੰਦ ਨੇ ਹੁਣ ਪਟਨੇ 'ਚੋਂ ਨਹੀਂ ਆਉਣਾ

---


ਲੋਹੇ ਦੇ ਹੱਥ
(ਕਹਾਣੀ-ਸੰਗ੍ਰਹਿ)
- ਵਰਿਆਮ ਸਿੰਘ ਸੰਧੂ -

# 8. ਅੰਮੜੀ ਨੂੰ ਤਰਲਾ

(ਸੰਤ ਰਾਮ ਉਦਾਸੀ)

ਜੰਮੀ ਨਾ ਨੀ ਮਾਏ ਸਾਨੂੰ ਇਹੋ ਜਿਹੇ ਪਿੰਡ ਜਿਥੇ ਸੱਧਰਾਂ ਤੇ ਸੰਗਲ ਰਵੇ।
ਜਿਥੇ ਮੇਰੇ ਵੀਰ ਦੀਆਂ ਤੱਤੀਆਂ ਤਰੇਲੀਆਂ ਦਾ ਚੱਪਾ ਟੁਕ ਮੁਲ ਨਾ ਪਵੇ।

ਜਿਹੜੇ ਪਿੰਡ ਲਾਵਾਂ ਦੀਆਂ ਅੱਖੀਆਂ 'ਚ ਅੱਥਰੂ
ਤੇ ਸਿਹਰਿਆਂ ਦੇ ਅੱਖਾਂ ਵਿਚ ਅੱਗ ਨੀ।
ਜੰਮਦੀਆਂ ਕੁੜੀਆਂ ਨੂੰ ਰੋਗ ਜਿਥੇ ਦਾਜ ਦਾ ਹੈ
ਜਾਂਦਾ ਅਠਰਾਹੇ ਵਾਂਗੂ ਲੱਗ ਨੀ।
ਜਿਹੜੇ ਪਿੰਡ ਸੋਨੇ ਦਿਆਂ ਬੁੰਦਿਆਂ ਦੀ,
ਥਾਵੇਂ ਮਾਏ ਭੁਖਿਆਂ ਦਾ ਹੌਕਾ ਹੀ ਪਵੇ।
ਜੰਮੀ ਨਾ ਨੀ ਮਾਏ......

ਲਾਲ ਫੀਤੇ ਵਾਲੀ ਕਿਸੇ ਮੋਟੀ ਸਾਰੀ ਬਹੀ ਵਿਚ,
ਕੈਦ ਸਾਡੇ ਹਕਾਂ ਦੀ ਏ ਅੱਗ ਨੀ।
ਰਾਠਾਂ ਦਿਆਂ ਕਿੱਲਿਆਂ ਵਾਲੇ ਬੂਟਾਂ ਦੇ ਨੀ ਠੁਡੇ ਖਾ ਕੇ
ਪਾਟੀ ਮੇਰੇ ਬਾਪੂ ਦੀ ਏ ਪੱਗ ਨੀ।
ਰੋਜ਼ੀ ਤੋਂ ਨਿਰਾਸ ਕਿਸੇ ਅਬਲਾ ਦਾ ਹੌਕਾ ਆਖੇ
"ਕੋਈ ਸਾਡੀ ਚਾਨਣੀ ਲਵੇ।"
ਜੰਮੀ ਨਾ ਨੀ ਮਾਏ......

ਹੱਕਾਂ ਦਿਆਂ ਪੈਰਾਂ ਨਾਲ ਚੰਬੜੇ ਪਹਾੜ ਜਿਥੇ
ਅਕਲਾਂ ਨੂੰ ਪੈ ਗਿਆ ਏ ਲੰਗ ਨੀ।
ਲਹੂ ਦੇ ਨਿਸ਼ਾਨਾਂ ਵਾਲੇ ਹੱਥਾਂ ਵਿਚ ਟੁਟੀ ਜਾਪੇ
ਔਹ ਜਿਹੜੀ ਰੁਲਦੀ ਐ ਵੰਗ ਨੀ।
ਪਿੰਡਾ ਕਿਸੇ 'ਚੋਂਗੀ' ਦਾ ਨੀ ਨਰਮੇ ਦੇ ਫੁਟ ਜਿਹਾ
ਖਿੜ ਕੇ ਵੀ ਰੋਂਦਿਆਂ ਰਵੇ।
ਜੰਮੀ ਨਾ ਨੀ ਮਾਏ......

ਰੋਟੀ ਲੈਣ ਗਿਆ ਵੀਰਾ ਪੂੰਝਦਾ ਹੈ ਆਂਉਂਦਾ ਮਾਏ,
ਮਥੇ ਉੱਤੋਂ ਡਾਂਗਾਂ ਦਾ ਲਹੂ।
ਰਾਠਾਂ ਦੀ ਹਵੇਲੀ ਵਿਚੋਂ ਖੁਸਿਆ ਸਰੀਰ ਲੈ ਕੇ,
ਮੁੜੀ ਮੇਰੇ ਵੀਰ ਦੀ ਬਹੂ।
ਪੱਥਰਾਂ ਨੂੰ ਤੋੜੇ ਬਿਨਾ ਅੱਗ ਨਾ ਈਜਾਦ ਹੋਣੀ,
ਕਿਹੜਾ ਭੋਲੇ ਬਾਪੂ ਨੂੰ ਕਵੇ।
ਜੰਮੀ ਨਾ ਨੀ ਮਾਏ......

# 9. ਆਦਮੀ

(ਸੀ ਮਾਰਕੰਡਾ)

ਇਕ ਆਹ ਵੀ ਆਦਮੀ ਹੈ ਇਕ ਔਹ ਵੀ ਆਦਮੀ।
ਵੇਖੋ ਜੀ ਕੀ ਨਾ ਕਰਦਾ, ਕੀ ਕਰਦਾ ਏ ਆਦਮੀ।
ਇਕ ਸ਼ਹਿਨਸ਼ਾਹ-ਏ-ਮਾਲਕ, ਨਿਮਾਣਾ ਫ਼ਕੀਰ ਇਕ।
ਇਕ ਪਹਿਨਦਾ ਏ ਰੇਸ਼ਮ, ਮਿਲਦੀ ਨਾ ਲੀਰ ਇਕ।
ਜੋ ਉਪਰ ਸੜਕਾਂ ਰੁਲਦਾ ਹੈ, ਉਹ ਵੀ ਹੈ ਆਦਮੀ।
ਘੁਮਦਾ ਵਿੱਚ ਕਾਰਾਂ ਦੇ ਜੋ ਹੈ ਉਹ ਵੀ ਆਦਮੀ।
ਇਕ ਰਾਤ ਦਿਨ ਕਾਨਾਂ ਦੇ ਵਿੱਚ ਹੈ ਜਾਨ ਗਾਲਦਾ।
ਇਕ ਰਾਤ ਦਿਨ ਧਰਤੀ 'ਚੋਂ ਪਿਆ ਏ ਮੋਤੀ ਭਾਲਦਾ।
ਸਰਦੀ ਗਰਮੀ 'ਚ ਸੜਦਾ ਏ, ਕਿਰਸਾਨ ਆਦਮੀ।
ਲੁਟ ਲੈਣ ਉਹਨੂੰ ਗ਼ਜ਼ਬ ਹੈ, ਸ਼ੈਤਾਨ ਆਦਮੀ।
ਇਕ ਦੋਜ਼ਖਾਂ ਦੇ ਨਾਲ ਪਿਆ ਫ਼ਸਲਾਂ ਪਕਾਂਵਦਾ।
ਵੱਢਦਾ, ਛੰਡਦਾ ਤੇ ਗਾਹ ਕੇ ਜਦ ਘਰ ਲੈ ਆਂਵਦਾ।
ਕੌਡਾ ਬਦਲੇ ਵੇਚੇ ਅੰਨ, ਮੰਡੀਆਂ 'ਚ ਆਦਮੀ।
ਉੱਠ ਜਾਗ ਤੂੰ! ਉਠ ਜਾਗ ਤੂੰ!! ਉਠ ਜਾਗ ਆਦਮੀ।
ਕਿੰਨਾ ਕੁ ਚਿਰ ਇਹ ਭਰਨਗੇ, ਤਿਜੋਰੀ ਹਰਾਮ ਦੀ।
ਲੁਟਣਗੇ ਕਦ ਤਕ ਮਿਹਨਤ, ਕਾਮੇ ਕਿਸਾਨ ਦੀ।
ਹੁਣ ਜਾਗ ਰਹੇ ਨੇ ਦੇਸ਼ ਦੇ, ਜਵਾਨ ਆਦਮੀ।
ਬੱਚੇ, ਬੁੱਢੇ ਤੇ 'ਮਾਰਕੰਡੇ' ਜਿਹੇ ਆਮ ਆਦਮੀ।
ਇਕ ਆਹ ਵੀ ਆਦਮੀ ਹੈ, ਇਕ ਔਹ ਵੀ ਆਦਮੀ।
ਵੇਖੋ ਜੀ ਕੀ ਨਾ ਕਰਦਾ ਕੀ ਕਰਦਾ ਏ ਆਦਮੀ।

---

ਉਪਰੋਕਤ ਕਵੀਆਂ ਦੇ ਕੁਝ ਕਾਵਿ-ਸੰਗ੍ਰਹਿ :

ਸੀਸ ਤਲੀ ਤੇ (ਸੰਤ ਸੰਧੂ)

- ਤੇਰਾ ਨਾਮ ਮੇਰਾ ਨਾਮ ਵੀਅਤਨਾਮ ... ਸੰਪਾਦਕ: ਅਮਰਜੀਤ ਚੰਦਨ
- ਸਤਲੁਜ ਦੀ ਹਵਾ ... ਲਾਲ ਸਿੰਘ ਦਿਲ
- ਲਹੂ ਭਿੱਜੇ ਬੋਲ ... ਸੰਤ ਰਾਮ ਉਦਾਸੀ

ਸੂਰਜ ਦਾ ਜਨਮ (ਸੀ ਮਾਰਕੰਡਾ)

# ਗੁਰਦਾਸ ਸਿੰਘ ਮਿਨਹਾਸ

MELTON
REAL ESTATE (B.C.) LTD



ਹਰ ਪ੍ਰਕਾਰ ਦੀ
ਜਾਇਦਾਦ ਖਰੀਦਣ
ਜਾਂ ਵੇਚਣ ਸਮੇਂ ਤੁਹਾਨੂੰ
ਤੁਹਾਨੂੰ ਯੋਗ ਰਾਏ
ਅਤੇ ਕੰਪਿਊਟਰ
ਸੇਵਾਵਾਂ ਪੇਸ਼ ਕਰਨ
ਵਾਲੇ

ਗੁਰਦਾਸ ਸਿੰਘ
ਮਿਨਹਾਸ

{ਮੈਲਟਨ ਰੀਅਲ
ਇਸਟੇਟ (ਬੀ.ਸੀ.) ਲਿਮਟਡ}

**GURDAS S. MINHAS**

1435 KINGSWAY
VANCOUVER 12, B. C.

OFF. 879-7571
RES. 325-0372

ਟੈਲੀਫੋਨ:-
ਦਫ਼ਤਰ: ੮੭੯-੭੫੭੧
ਘਰ: ੩੨੫-੦੩੭੨

*B. C.'s First Computerized Real Estate Service*

---

*TOP SALESMAN OF THE COMPANY IN OCT '73*

H. L. Waddell
& Associates Ltd.,
Realtors

Vancouver Branch
4227 Fraser Street
(604) 872-7608

WA



G. S. (Gary) Brar, MA

ਹਰ ਪਰਕਾਰ ਦੀ ਜਾਇਦਾਦ (RESIDENTIAL)-(COMMERCIAL)-(REVENUE)
ਖਰੀਦਣ ਜਾਂ ਵੇਚਣ ਸਮੇਂ ਤਜਰਬੇਕਾਰ ਅਗਵਾਈ ਲਈ

**ਗੁਰਦਰਸ਼ਨ (ਗੈਰੀ) ਬਰਾੜ ਨੂੰ ਮਿਲੋ!**

RES. 433-3334
BUS. 872-7608.

---

ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!

ਪਹਿਲੀ ਜਨਵਰੀ ਤੋਂ ਭਾਰਤ ਪੈਸੇ ਦਸਾਂ ਦਿਨਾਂ ਵਿੱਚ
ਕੌਣ ਭੇਜਦੇ ਹਨ?

# ਸਿਹੋਤਾ ਡਿਸਟਰੀਬਿਊਟਰਜ਼

ਵਧੀਆ ਭਾਅ ਅਤੇ ਤਸੱਲੀ-ਬਖਸ਼
ਕੰਮ ਲਈ ਸਾਡੇ ਦਫ਼ਤਰ ਆਕੇ ਮਿਲੋ।

ਪਤਾ:
3483 - KINGSWAY
VANCOUVER
B.C.

ਟੈਲੀਫੋਨ:-
ਘਰ:
324-2557

ਟੈਲੀਫੋਨ:-
ਦਫ਼ਤਰ:
438-1304-5

---

# ਬੰਬਈ ਕਰੀ ਰੈਸਟੋਰੈਂਟ

3934 - ਮੇਨ ਸਟਰੀਟ (23 ਐਵੀਨਿਊ)
ਵੈਨਕੋਵਰ - ਬੀ.ਸੀ.
(ਟੈਲੀਫੋਨ: 874-5722)

ਜਿੱਥੇ ਤੁਸੀਂ ਚਿਕਨ ਕਰੀ, ਲੈਂਬ ਕਰੀ, ਬੀਫ਼ ਕਰੀ,
ਬੱਕਰੇ ਦਾ ਸਪੈਸ਼ਲ ਮੀਟ ਤੇ ਭਾਰਤੀ-ਮਿਠਿਆਈ
ਦਾ ਸੁਆਦ ਮਾਣ ਸਕਦੇ ਹੋ!

ਅਸੀਂ ਵਿਆਹ ਸ਼ਾਦੀਆਂ ਸਮੇਂ INDOOR ਅਤੇ
OUTDOOR ਪਾਰਟੀਆਂ ਦਾ ਵਿਸ਼ੇਸ਼-ਪ੍ਰਬੰਧ ਵੀ
ਕਰਦੇ ਹਾਂ!



ਕੇਵਲ ਸਿੰਘ ਪਾਬਲਾ

ਜਿੰਨ੍ਹਾਂ ਦਾ ਕੁਕਿੰਗ ਦਾ
18 ਸਾਲ ਦਾ ਤਜਰਬਾ ਹੈ।

# ਗੁਰੂ ਕੋਲੋਂ ਅੱਜ ਸਾਨੂੰ ਗੋਲਕ-ਪਿਆਰੀ ਹੈ

(ਭਾ: ਈਸ਼ਰ ਸਿੰਘ ਈਸ਼ਰ)

( ਪੰਜਾਬੀ ਦੇ ਹਾਸਰਸ-ਸਾਹਿੱਤ ਵਿੱਚ ਭਾਈਆ ਈਸ਼ਰ ਸਿੰਘ ਈਸ਼ਰ ਦਾ ਨਾਮ ਕਿਸੇ ਜਾਣ ਪਛਾਣ ਦਾ ਮੁਥਾਜ ਨਹੀਂ ਹੈ। 'ਦਿਲਸਮੋਰ ਭਾਈਆ', 'ਨਵਾਂ ਭਾਈਆ', 'ਭਾਈਆ ਫਿਕਰ ਪਿਆ' ਤੇ 'ਗੁਰਮੁਖ ਭਾਈਆ' ਵਰਗੀਆਂ ਦਸ ਪੁਸਤਕਾਂ ਵਿੱਚ ਉਨ੍ਹਾਂ ਨੇ ਸਮਾਜਕ-ਕੁਹਜ ਨੂੰ ਆਪਣੇ ਜ਼ਹਿਰੀਲੇ ਹਾਸ-ਵਿਅੰਗ ਦਾ ਨਿਸ਼ਾਨਾ ਬਣਾਇਆ। ਪੇਸ਼ ਕੀਤੀ ਗਈ ਕਵਿਤਾ ਉਨ੍ਹਾਂ ਦੀ ਪੁਸਤਕ 'ਭਾਈਆ ਵੈਦ ਰੋਗੀਆਂ ਦਾ' ਵਿੱਚੋਂ ਹੈ ਜੋ ਅਖੌਤੀ-ਧਾਰਮਿਕ ਹਸਤੀਆਂ ਦੇ ਢੋਲ ਦਾ ਪੋਲ ਖੋਲ੍ਹਦੀ ਹੈ)

## ਸੰਜੀਵਨੀ ਬੂਟੀ

'ਸੰਜੀਵਨੀ ਬੂਟੀ' 'ਵਤਨੋਂ ਦੂਰ' ਦਾ ਹਾਸਰਸ ਦਾ ਸਥਾਈ ਕਾਲਮ ਹੈ। ਹੁਣ ਤੱਕ ਅਸੀਂ ਇਨ੍ਹਾਂ ਪ੍ਰਤੀਨਿਧ ਪੰਜਾਬੀ ਹਾਸ-ਲੇਖਕਾਂ ਦੀਆਂ ਰਚਨਾਵਾਂ ਪੇਸ਼ ਕਰ ਚੁੱਕੇ ਹਾਂ:-

ਸ: ਸ: ਚਰਨ ਸਿੰਘ ਸ਼ਹੀਦ
ਭਾਈਆ ਈਸ਼ਰ ਸਿੰਘ ਈਸ਼ਰ
ਪਿਆਰਾ ਸਿੰਘ ਦਾਤਾ
ਦਲੀਪ ਸਿੰਘ ਭੂਪਾਲ
ਨਾਥ

ਇਸ ਕਾਲਮ ਨੂੰ ਵਧੇਰੇ ਭਰਪੂਰ ਬਣਾਉਣ ਲਈ ਅਸੀਂ ਪਿਆਰਾ ਸਿੰਘ ਦਾਤਾ (ਸੰਪਾਦਕ 'ਨਵਾਂ ਸਾਹਿੱਤ') ਤੇ ਦਲੀਪ ਸਿੰਘ ਭੂਪਾਲ ਹੋਰਾਂ ਨਾਲ ਵਿਸ਼ੇਸ਼ ਸੰਪਰਕ-ਸਥਾਪਤ ਕਰ ਰਹੇ ਹਾਂ ਤੇ ਉਨ੍ਹਾਂ ਰਾਹੀਂ ਹੋਰ ਪ੍ਰਸਿੱਧ ਪੰਜਾਬੀ ਹਾਸ-ਲੇਖਕਾਂ ਤੱਕ ਪੁੱਜ ਕੇ ਅਸੀਂ ਪਾਠਕਾਂ ਤੱਕ ਹੋਰ ਹਾਸ-ਵੰਨਗੀਆਂ ਪੁਚਾਉਣ ਲਈ ਯਤਨਸ਼ੀਲ ਹਾਂ। ਹਾਸ-ਲੇਖਕਾਂ ਦੇ ਪਤੇ ਸਾਨੂੰ ਭੇਜਣ ਵਾਲੇ ਪਾਠਕਾਂ ਦਾ ਅਸੀਂ ਹਾਰਦਿਕ ਸੁਆਗਤ ਕਰਾਂਗੇ।

ਸਦਕੇ ਮੈਂ ਗੋਲਕੇ ਤੂੰ ਇਕ ਰੱਬੀ ਨੂਰ ਏਂ।
ਨੂਰ ਕੀ ਮੈਂ ਸਚ ਦਸਾਂ ਸਵਰਗਾਂ ਦੀ ਹੂਰ ਏਂ।
ਮਸਤੀ ਦਾ ਸੋਮਾਂ ਨਿਰਾ ਪੂਰਾ ਹੀ ਸਰੂਰ ਏਂ।
ਰੱਬ ਤਾਂ ਤੂੰ ਨਹੀਂ ਪਰ ਡਿਪਟੀ ਜ਼ਰੂਰ ਏਂ।
ਮਾਲਾ ਹਥੋਂ ਡਿਗੇ ਐਸੀ ਤੇਰੀ ਚਮਤਕਾਰੀ ਹੈ।
ਗੁਰੂ ਕੋਲੋਂ ਅਜ ਸਾਨੂੰ ਗੋਲਕ ਪਿਆਰੀ ਹੈ।

ਸਿਖੀ ਸਾਡੀ ਜੀਂਵਦੀ ਸੀ ਗੁਰੂ ਦੇ ਆਧਾਰ ਤੇ।
ਨਚਦੇ ਸੀ ਅਸੀਂ ਸਦਾ ਪ੍ਰੇਮ ਵਾਲੀ ਤਾਰ ਤੇ।
ਸਿਖੀ ਲਈ ਚੜ੍ਹੇ ਅਸੀਂ ਸੂਲੀ ਅਤੇ ਦਾਰ ਤੇ।
ਗੋਲਕ ਨੇ ਰਖ ਦਿਤੀ ਛੁਰੀ ਸਾਡੇ ਪਿਆਰ ਤੇ।
ਫੁਟ ਵਾਲੀ ਵੇਖ ਲਵੋ ਖੁਲ੍ਹੀ ਹੋਈ ਬਾਰੀ ਹੈ।
ਗੁਰੂ ਕੋਲੋਂ ਅਜ ਸਾਨੂੰ ਗੋਲਕ ਪਿਆਰੀ ਹੈ।

ਲਦ ਗਏ ਸਿੰਘ ਜਿਨ੍ਹਾਂ ਤੇਗਾਂ ਸਨ ਮਾਰੀਆਂ।
ਗੁਰੂ ਦਸਮੇਸ਼ ਉਤੋਂ ਜਿੰਦਾਂ ਸਨ ਵਾਰੀਆਂ।
ਹਸ ਹਸ ਸਿਰਾਂ ਤੇ ਰਖਾਈਆਂ ਸਨ ਆਰੀਆਂ।
ਪਾਣੀ ਨਹੀਂ ਲਹੂ ਵਿਚ ਲਾਈਆਂ ਸਨ ਤਾਰੀਆਂ।
ਅਜ ਪਰਧਾਨ ਚਵ੍ਹਾਂ ਪਾਸੇ ਜਥੇਦਾਰੀ ਹੈ।
ਗੁਰੂ ਕੋਲੋਂ ਅਜ ਸਾਨੂੰ ਗੋਲਕ ਪਿਆਰੀ ਹੈ।

ਸਿੰਘ ਦਾ ਕੰਮ ਕੀ ਹੈ ਛਕਣਾਂ ਛਕਾਵਣਾਂ।
ਗੁਰੂ ਘਰ ਬਿਨ ਦਸੋ ਹੋਰ ਕਿਥੋਂ ਖਾਵਣਾਂ।
ਲਾਓ ਸਿੰਘੋ ਗਫੇ ਵੇਲਾ ਹਥ ਨਹੀਂ ਏ ਆਵਣਾਂ।
ਇਕ ਦਿਨ ਸ਼ਾਰਿਆਂ ਨੇ ਇਥੇ ਮਰ ਜਾਵਣਾਂ।
ਖਾ ਗਏ ਨੇ ਪਹਿਲੇ ਹੁਣ ਪਿਛਲਿਆਂ ਦੀ ਵਾਰੀ ਹੈ।
ਗੁਰੂ ਕੋਲੋਂ ਅਜ ਸਾਨੂੰ ਗੋਲਕ ਪਿਆਰੀ ਹੈ।

ਪ੍ਰੇਮ ਤੇ ਪਿਆਰ ਵਾਲਾ ਦੀਵਾ ਪਿਆ ਹਿਸਦੇ।
ਗੋਲਕ ਤਾਂ ਦਿਸ ਰਹੀ ਹੈ ਗੁਰੂ ਕੋਈ ਨਹੀਂ ਦਿਸਦੇ।
ਆਵੇ ਕੋਈ ਸਾਹਮਣੇ ਹੈ ਹੀਆ ਪੈਂਦਾ ਜਿਸਦੇ।
ਡਾਂਗਾਂ ਹੈਣ ਹਥਾਂ ਵਿਚ ਡਰ ਸਾਨੂੰ ਕਿਸਦੇ।
ਸ਼ੋਚ ਜ਼ਰਾ ਦਿਲ ਵਿਚ ਕਿੰਨੀ ਸ਼ਰਮਸਾਰੀ ਹੈ।
ਗੁਰੂ ਕੋਲੋਂ ਅਜ ਸਾਨੂੰ ਗੋਲਕ ਪਿਆਰੀ ਹੈ।

ਹੋਏ ਜਿਸ ਥਾਂ ਉਤੇ ਗੁਰੂ ਜੀ ਦੇ ਟੋਟੇ ਨੇ।
ਉਥੇ ਸਿਖ ਕਸ ਰਹੇ ਲੰਗਰ ਤੇ ਲੰਗੋਟੇ ਨੇ।
ਇਕ ਹਥ ਛੁਰੀਆਂ ਤੇ ਦੂਜੇ ਹਥ ਸੋਟੇ ਨੇ।
ਕਬਜ਼ਾ ਜਮਾਂਦੇ ਪਏ ਦਿਲ ਦੇ ਜੋ ਖੋਟੇ ਨੇ।
ਪ੍ਰੇਮ ਵਾਲੀ ਫੋਟੋ ਚੰਗੀ ਇਨ੍ਹਾਂ ਨੇ ਉਤਾਰੀ ਹੈ।
ਗੁਰੂ ਕੋਲੋਂ ਅਜ ਸਾਨੂੰ ਗੋਲਕ ਪਿਆਰੀ ਹੈ।

ਆਪਣਾ ਹੀ ਸੰਘ ਸਿਖਾਂ ਆਪ ਹੀ ਘੁਟ ਸੁਟਿਐ।
ਸਿਖੀ ਦਾ ਖਜ਼ਾਨਾ ਆਪ ਡਾਕੂ ਬਣ ਲੁਟਿਐ।
ਆਪਣੀ ਹੀ ਛੁਰੀ ਨਾਲ ਨਕ ਕਟ ਸੁਟਿਐ।
ਆਪਣੇ ਹੀ ਡੁਬਣ ਲਈ ਆਪ ਖੂਹ ਪੁਟਿਐ।
ਵਾਹ ਈਸ਼ਰ ਪੈਸੇ ਤੇਰੀ ਚੰਗੀ ਮਤ ਮਾਰੀ ਹੈ।
ਗੁਰੂ ਕੋਲੋਂ ਅਜ ਸਾਨੂੰ ਗੋਲਕ ਪਿਆਰੀ ਹੈ।

# ਸਾਜ਼ ਅਤੇ ਅਵਾਜ਼

## ਫ਼ਿਲਮੀ ਕਲਾਕਾਰ ਪੰਜਾਬੀਓ !
## ਮਾਂ ਬੋਲੀ ਦਾ ਰਿਣ ਉਤਾਰੋ

(ਗੁਰਚਰਨ ਰਾਮਪੁਰੀ)

(ਫਰਵਰੀ 1973 ਵਿੱਚ ਜਦੋ ਰਾਮਪੁਰੀ ਜੀ ਨੇ ਇਹ ਲੇਖ ਲਿਖਿਆ ਸੀ ਤਾ ਉਨ੍ਹਾਂ ਨੇ ਇਸਨੂੰ ਤਿੰਨ ਕਲਾਕਾਰਾਂ- ਬਲਰਾਜ ਸਾਹਨੀ, ਰਾਜਿੰਦਰ ਸਿੰਘ ਬੇਦੀ ਤੇ ਸਾਹਿਰ ਲੁਧਿਆਣਵੀ-ਨੂੰ ਸਮਰਪਿਤ ਕੀਤਾ ਸੀ। ਦੁੱਖ ਹੈ ਕਿ ਅੱਜ ਜਦੋ ਇਹ ਲੇਖ ਅਸੀ ਛਾਪ ਰਹੇ ਹਾ ਤਾ ਬਲਰਾਜ ਸਾਹਨੀ ਜੀ ਸਾਡੇ ਵਿਚਕਾਰ ਨਹੀ ਹਨ। ਉਹ 13 ਅਪ੍ਰੈਲ 73 ਨੂੰ ਕਲਾ-ਪ੍ਰੇਮੀਆਂ ਤੋਂ ਹਮੇਸ਼ਾਂ ਲਈ ਜੁਦਾ ਹੋ ਗਏ)

ਹਿੰਦੁਸਤਾਨ ਦੀ ਫ਼ਿਲਮੀ ਦੁਨੀਆਂ ਦੇ ਉੱਘੇ ਲੇਖਕਾਂ, ਕਵੀਆਂ ਅਤੇ ਕਲਾਕਾਰਾਂ ਵਿਚ ਪੰਜਾਬੀਆਂ ਦੀ ਗਿਣਤੀ ਬੜੀ ਵੱਡੀ ਅਤੇ ਬਾ ਬੜੀ ਮਾਣ ਯੋਗ ਹੈ। ਪਰ ਪੰਜਾਬੀ ਫਿਲਮਾਂ ਦੀ ਗਿਣਤੀ ਅਤੇ ਰੂਪਕ ਪੱਧਰ ਇਸ ਦੇ ਬਿਲਕਲ ਉਲਟ ਹੈ। ਸ਼ਾਇਦ ਹੀ ਕੋਈ ਫ਼ਿਲਮ ਕੌਮਾਂਤਰੀ ਜਾਂ ਕੌਮੀ ਪੱਧਰ ਉਤੇ ਚੰਗੇਰੀਆ ਫ਼ਿਲਮਾਂ ਦੀ ਕਿਤਾਰ ਵਿਚ ਖੜੀ ਹੋ ਸਕੇ!

ਇਸ ਅਧੋਗਤੀ ਦੇ ਮੁੱਖ ਕਾਰਨ ਤਾਂ ਅਵੱਸ਼ ਮਾਇਕ ਹਨ। ਪੰਜਾਬੀ ਫ਼ਿਲਮਾਂ ਦੇ ਦਰਸ਼ਕਾਂ ਦਾ ਘੇਰਾ ਅਵੱਸ਼ ਹੀ ਪ੍ਰਾਂਤਿਕ ਘੇਰੇ ਤੱਕ ਸੀਮਤ ਰਹਿ ਜਾਂਦਾ ਹੈ. ਪਰ ਇਹ ਮੁਸ਼ਕਲ ਤਾਂ ਸਾਰੀਆ ਪ੍ਰਾਤਕ ਬੋਲੀਆਂ ਦੀਆਂ ਫ਼ਿਲਮਾਂ ਦੀ ਸਾਂਝੀ ਹੈ। ਬੰਗਾਲੀ ਵਿਚ ਬਣਨ ਵਾਲੀਆਂ ਜੋ ਫ਼ਿਲਮਾਂ ਸੰਸਾਰ ਮੁਕਾਬਲਿਆਂ ਵਿਚ ਜੇਤੂ ਹੋਈਆਂ ਹਨ, ਉਨ੍ਹਾਂ ਦੇ ਸਿਰਜਕਾਂ ਨੇ ਨਿੱਕੇ ਘੇਰੇ ਦੀ ਇਸ ਅੌਕੜ ਨੂੰ ਆਪਣਾ ਰਾਹ ਰੋਕਣ ਨਹੀਂ ਦਿਤਾ। ਗੱਲ ਤਾਂ ਕੇਵਲ ਕਲਾਕਾਰ ਦੇ ਸਿਰੜ ਅਤੇ ਉਸ ਦੀ ਕਲਾ ਦੀ ਉੱਤਮਤਾ ਦੀ ਹੈ।

ਜੋ ਪੰਜਾਬੀ ਫ਼ਿਲਮਾਂ ਪਿਛਲੇ ਕੁਝ ਸਮੇਂ ਵਿਚ ਬਣੀਆਂ ਹਨ, ਇਨ੍ਹਾਂ ਵਿਚੋਂ ਕੁਝ ਦੇਖਣ ਦਾ ਮੌਕਾ ਮੈਨੂੰ ਮਿਲਿਆ। "ਨਾਨਕ ਨਾਮ ਜਹਾਜ਼ ਹੈ" ਪ੍ਰਿਥਵੀ ਰਾਜ ਵਰਗੇ ਵਧੀਆ ਕਲਾਕਾਰ ਦੀ ਕਲਾ ਦੇ ਹੁੰਦਿਆਂ ਵੀ ਦਰਮਿਆਨੇ ਦਰਜੇ ਦੇ ਪੱਧਰ ਤੇ ਹੀ ਰਹਿ ਗਈ ਹੈ ਕਿਉਂਕਿ ਇਸ ਦੀ ਕਹਾਣੀ ਬੇਦਲੀਲ ਧਾਰਮਕ ਵਿਸ਼ਵਾਸ ਦੀ ਨੀਂਹ ਉਤੇ ਉਸਾਰੀ ਗਈ ਹੈ। ਉਸ ਵਿਚੋਂ ਗੁਰੂ ਨਾਨਕ ਦੀ ਤਰਕ-ਸ਼ੀਲਤਾ ਦਾ ਚਾਨਣ ਨਹੀਂ ਲੱਭਦਾ।

ਦੂਜੀ ਫ਼ਿਲਮ "ਨਾਨਕ ਦੁਖੀਆ ਸਭ ਸੰਸਾਰ" ਇਸ ਤੋਂ ਰਤਾ ਕੁ ਵਧੇਰੇ ਸਮਾਜਕ ਪਕੜ ਵਾਲੀ ਹੈ। ਇਹ ਫ਼ਿਲਮ ਦੇਖਣ ਪਿਛੋਂ ਮੇਰੀ ਆਸ ਬੱਝੀ ਕਿ ਅਗੋਂ ਕੋਈ ਚੰਗੇਰੀਆ ਫ਼ਿਲਮਾਂ ਬਣਨਗੀਆਂ। ਇਨ੍ਹਾਂ ਦੋ ਫ਼ਿਲਮਾਂ ਨੇ ਤਾਂ ਸਿੱਖ ਧਰਮ ਦੇ ਕੋਈ ਨਾਇਕ ਪੇਸ਼ ਕਰਨ ਵਿਚ ਜ਼ਮੀਨ ਤੋੜਨ ਦਾ ਹੀ ਕੰਮ ਕੀਤਾ ਹੈ। ਮੈਂ ਸਿੱਖ ਧਰਮ ਦੇ ਵਰਤਮਾਨ ਕੱਟੜ ਠੇਕੇਦਾਰਾਂ ਦੀ ਹੋਂਦ ਤੋਂ ਜਾਣੂੰ ਹਾਂ, ਜੋ ਆਪਣੇ ਸੁਆਰਥ ਲਈ ਸੰਕੀਰਨ ਫ਼ਿਰਕੂ ਨਾਅਰੇ ਲਾ ਕੇ ਕਦੇ ਵੀ ਦੇਸ਼ ਦੇ ਅਮਨ ਨੂੰ ਅੱਗ ਲਵਾ ਸਕਣ ਦੇ ਸਮਰੱਥ ਹਨ।

ਸ਼ਾਇਦ ਉਪਰਲੀਆਂ ਦੋ ਫ਼ਿਲਮਾਂ ਦੀ ਕਾਮਯਾਬੀ ਵੇਖ ਕੇ ਤੀਜੀ ਫ਼ਿਲਮ "ਦੁੱਖ ਭੰਜਨ ਤੇਰਾ ਨਾਮ" ਬਣਾਈ ਗਈ ਹੈ। ਮੈਂ ਬੜੀਆਂ ਆਸਾਂ ਲੈ ਕੇ ਇਹ ਦੇਖਣ ਗਿਆ। ਮੈਨੂੰ ਕੰਵਰ ਮਹਿੰਦਰ ਸਿੰਘ ਬੇਦੀ ਵਿਚਲੇ ਸ਼ਾਇਰ ਦੀ ਜ਼ਾਤ ਉਤੇ ਕੁਝ ਆਸਾਂ ਸਨ। ਫ਼ਿਲਮ ਦੇਖ ਕੇ ਮਨ ਬੜਾ ਹੀ ਨਿਰਾਸ਼ ਹੋਇਆ। ਮੁੱਖ ਨਾਇਕ ਦੇ ਬੋਲਣ ਦਾ ਅੰਦਾਜ਼ ਬੜਾ ਮਸ਼ੀਨੀ, ਇਸਤ੍ਰੀਆਂ ਦਾ ਪਹਿਰਾਵਾ ਬੜਾ ਅਣ ਪੰਜਾਬੀ ਅਤੇ ਤਾਰੀਖ਼ ਭੇਰ ਉਤੇ ਅਢੁਕਵਾਂ, ਡਾਇਰੈਕਸ਼ਨ ਅਤੇ ਫ਼ੋਟੋਗਰਾਫ਼ੀ ਅਤੀ ਮਾੜੀ। ਗੁਰੂ ਅਮਰ ਦਾਸ ਦੇ ਵੇਲੇ ਦੇ ਪਿੰਡ ਵਿਚ ਤੁਸੀਂ ਕੋਠੇ ਉਤੇ ਲਾਊਡ ਸਪੀਕਰ ਲਗਿਆ ਦੇਖਦੇ ਹੋ ਅਤੇ ਪਿੰਡ ਦੇ ਦੀਵਾਨ ਵਿਚ ਬੈਠੇ ਲੋਕਾਂ ਦੀਆਂ ਪੱਗਾਂ ਪਟਿਆਲੇ-ਸ਼ਾਹੀ। ਸਭ ਤੋਂ ਪਿਛੋਂ ਜੰਮੀ ਕੁੜੀ ਸਭ ਤੋਂ ਵਡੀ ਜਾਪਦੀ ਹੈ। ਜੇ ਸੋਹਣੀ ਮੁਖ ਨਾਇਕਾ ਦੀ ਉਮਰ ਭਰ ਜਵਾਨ ਵਿਖਾਣੀ ਹੀ ਸੀ ਤਾਂ ਬਾਕੀ ਦੀਆਂ ਕੁੜੀਆਂ ਉਸ ਤੋਂ ਰਤਾ ਵਡੇਰੀ ਉਮਰ ਦੀਆਂ ਵੀ ਤਾਂ ਭਾਲੀਆਂ ਜਾ ਸਕਦੀਆਂ ਸਨ। ਸਿਰਫ਼ ਕੁਝ ਸ਼ਬਦ ਚੰਗੇ ਗਾਏ ਹੋਏ ਸਨ। ਇਹ ਕਿਹਾ ਜਾਏਗਾ ਕਿ ਕਹਾਣੀ ਸੀਨਾ-ਬ-ਸੀਨਾ ਚਲੀ ਆ ਰਹੀ 'ਇਤਿਹਾਸਕ' ਹੈ, ਪਰ ਕੀ ਸਿੱਖ ਇਤਿਹਾਸ ਜਾਂ ਪੰਜਾਬ ਦਾ ਇਤਿਹਾਸ ਸਿਰਫ਼ ਅੰਧ-ਵਿਸ਼ਵਾਸੀ ਸਾਖੀਆਂ ਦਾ ਹੀ ਜੋੜ ਹੈ? ਇਸ ਧਰਤੀ ਉਤੇ ਤਾਂ ਵੇਦ ਰਚੇ ਗਏ ਹਨ, ਏਥੇ ਤਾਂ ਗੀਤਾ ਉਚਾਰੀ ਗਈ ਹੈ। ਇਹ ਤਾਂ ਫ਼ਰੀਦ, ਕਬੀਰ, ਵਾਰਸ ਦੀ ਧਰਤੀ ਹੈ। ਇਥੇ ਤਾਂ ਸ਼ਹੀਦ ਗੁਰੂ ਅਰਜਨ ਵੀ ਹੈ ਜੋ ਆਪ ਇਕ ਮਹਾਨ-ਕਵੀ ਹੈ ਤੇ ਸੁਧਾਰਕ ਹੈ। ਜ਼ੁਲਮ ਨਾਲ ਟੱਕਰ ਲੈਣ ਵਾਲੇ ਗੁਰੂ ਹਰਿਗੋਬਿੰਦ, ਗੁਰੂ ਤੇਗ਼ ਬਹਾਦਰ ਅਤੇ ਗੁਰੂ ਗੋਬਿੰਦ ਸਿਘ ਵੀ ਇਸ ਇਤਿਹਾਸ ਦਾ ਹਿੱਸਾ ਨੇ। ਬੰਦ ਬੰਦ ਕਟਾਣ ਵਾਲੇ, ਚਰਖੜੀਆਂ ਤੇ ਚੜ੍ਹਨ ਵਾਲੇ, ਆਪਣੇ ਸਿਰਾਂ ਤੇ ਆਰਾ ਚਲਦੇ ਸਮੇਂ ਸ਼ਾਂਤ ਰਹਿਣ ਵਾਲੇ ਸਿਰੜੀ ਸ਼ਹੀਦ ਵੀ ਹਨ। ਇਸ ਵਿਚ ਤਾਂ ਭਾਰਤ ਦੀ ਆਜ਼ਾਦੀ ਲਈ ਜਾਨਾਂ ਵਾਰਨ ਵਾਲੇ ਗ਼ਦਰੀ ਵੀ ਹਨ ਤੇ ਫਾਂਸੀ ਲਟਕਣ ਵਾਲੇ ਸਰਾਭੇ ਅਤੇ ਭਗਤ ਸਿਘ ਵੀ। ਅੱਜ ਦੇ ਸਮੇਂ ਦੀਆਂ ਅਨੇਕਾਂ ਸਮੱਸਿਆਵਾਂ, ਵਜ਼ੀਰੀਆਂ ਦੇ ਜੋੜ ਤੋੜ, ਰਿਸ਼ਵਤਾਂ, ਕੁਨਬਾ ਪਰਵਰੀ ਅਫ਼ਸਰਸ਼ਾਹੀ, ਬਾਬੂਸ਼ਾਹੀ, ਬੇਕਾਰੀ, ਨੌਜਵਾਨਾਂ ਦੀ ਨਿਰਾਸ਼ਾ ਅਤੇ ਹੋਰ ਅਣਗਿਣਤ ਸਮਾਜਕ ਵਿਸ਼ੇ ਵੀ ਅਣ ਛੋਹੇ ਪਏ ਹਨ।

ਕੀ ਚੰਗਾ ਹੋਵੇ ਜੇ ਸਾਡੇ ਮਾਣਯੋਗ ਕਲਾਕਾਰ ਆਪਣੇ ਇਸ ਵਿਰਸੇ ਨੂੰ ਆਪਣੀ ਬੋਲੀ ਵਿਚ ਫ਼ਿਲਮਾਉਣ ਦਾ ਸਾਹਸ ਕਰਨ। ਪੱਛਮੀ ਫ਼ਿਲਮਾਂ ਵਿਚ ਕੋਈ ਵਿਸ਼ਾ ਵੀ ਅਛੂਤ ਨਹੀਂ ਹੈ।

ਕੁਝ ਯਤਨ ਇਸ ਪਾਸੇ ਵਲ ਹੋਣੇ ਸ਼ੁਰੂ ਵੀ ਹੋਏ ਹਨ। ਜਿਵੇਂ ਸ: ਰਾਜਿੰਦਰ ਸਿੰਘ ਬੇਦੀ ਆਪਣੇ ਨਾਵਲ 'ਇਕ ਚਾਦਰ ਅਧੋਰਾਣੀ" ਦੀ ਫ਼ਿਲਮ ਬਣਾਨ ਲਗੇ ਸਨ ਜੋ ਗੀਤਾਬਾਲੀ ਦੀ ਬੇਵਕਤ ਮੌਤ ਹੋਣ ਕਾਰਨ ਪੂਰੀ ਨਾ ਹੋ ਸਕੀ। ਕਾਸ਼! ਬੇਦੀ ਸਾਹਿਬ ਇਹ ਫ਼ਿਲਮ ਪੂਰੀ ਕਰਨ ਲਈ ਆਪਣਾ ਮਨ ਮਨਾ ਸਕਣ।

ਪੰਜਾਬੀ ਦੀਆਂ ਅਨੇਕਾਂ ਆਧੁਨਿਕ ਕਹਾਣੀਆਂ ਤੇ ਨਾਵਲ ਵੀ ਫ਼ਿਲਮਾਉਣ ਜੋਗੇ ਹਨ। ਫ਼ਿਲਮਾਂ ਬੋਲੀ ਦੇ ਪਰਚਾਰ ਅਤੇ ਉੱਨਤੀ ਲਈ ਵੀ ਬੜਾ ਤਾਕਤਵਰ ਮਾਧਿਅਮ ਹਨ। ਇਹ ਲਹਿਰ ਸ਼ਾਇਦ ਬੋਲੀ ਦੀ ਉੱਨਤੀ ਦੇ ਸਵਾਲ ਨੂੰ ਵੀ ਮਾਰੂ ਫ਼ਿਰਕੂ ਜਮ-ਜੱਫੇ ਤੋਂ ਵੀ ਆਜ਼ਾਦ ਕਰਾ ਦੇਵੇ।

## (2) ਦੀਵਾਲੀ ਸੱਭਿਆਚਾਰਕ-ਪ੍ਰੋਗਰਾਮ

ਵਿਸ਼ਵ ਹਿੰਦੂ ਪਰੀਸ਼ਦ ਆਫ਼ ਬ੍ਰਿਟਿਸ਼ ਕੋਲੰਬੀਆ ਵੱਲੋਂ ਦੀਵਾਲੀ-ਪ੍ਰੋਗਰਾਮ 20 ਅਕਤੂਬਰ 1973 ਨੂੰ ਵੈਨਕੋਵਰ ਟੈਕਨੀਕਲ ਆਡੀਟੋਰੀਅਮ ਵਿੱਚ ਮਨਾਇਆ ਗਿਆ। ਦਿਨੇ ਦੋ ਵਜੇ ਤੋਂ ਰਾਤ ਦੇ 12 ਵਜੇ ਤੱਕ ਹਿੰਦੂ-ਸੱਭਿਆਚਾਰ ਨਾਲ ਸੰਬੰਧਤ ਵਸਤਾਂ ਦਾ 'ਦੀਵਾਲੀ-ਬਾਜ਼ਾਰ' ਲਗਾਇਆ ਗਿਆ। ਸ਼ਾਮ ਨੂੰ ਸੱਤ ਵਜੇ ਤੋਂ 10 ਵਜੇ ਤੱਕ ਸੱਭਿਆਚਾਰਕ ਪ੍ਰੋਗਰਾਮ ਹੋਇਆ ਜਿਸਨੂੰ ਪੂਰੇ ਭਰੇ ਹੋਏ ਹਾਲ ਵਿੱਚ ਬੈਠੇ ਸਰੋਤਿਆਂ ਨੇ ਮਾਣਿਆ।

ਪ੍ਰੋਗ੍ਰਾਮ ਵਿੱਚ ਰਾਮਾਇਣ ਬੈਲੇਟ, ਨਾਚ, ਕਵਾਲੀ, ਇਕਾਂਗੀ, ਗੀਤ, ਰਾਸ, ਸਿਤਾਰ ਅਤੇ ਭੰਗੜਾ ਸ਼ਾਮਲ ਸੀ।

ਭਾਰਤ ਦੇ ਅਮੀਰ-ਸੱਭਿਆਚਾਰਕ ਵਿਰਸੇ ਤੋਂ ਦਿਨੋ ਦਿਨ ਦੂਰ ਹੁੰਦੀ ਜਾ ਰਹੀ ਕੈਨੇਡਾ ਵਿੱਚ ਅਜੋਕੀ ਨੌਜਆਨ-ਪੀੜ੍ਹੀ ਨੂੰ ਸਿੱਖਿਅਤ ਕਰਨ ਵਾਲੇ ਅਜਿਹੇ ਪ੍ਰੋਗਰਾਮਾਂ ਦਾ ਸਵਾਗਤ ਕੀਤਾ ਜਾਣਾ ਚਾਹੀਦਾ ਹੈ। ਹੋਰ ਭਾਰਤੀ ਸੰਸਥਾਵਾਂ ਨੂੰ ਵੀ ਚਾਹੀਦਾ ਹੈ ਕਿ ਉਹ ਭਾਰਤ ਬਾਰੇ ਅਜਿਹੇ ਵਿਸ਼ਾਲ ਪ੍ਰੋਗ੍ਰਾਮ ਪੇਸ਼ ਕਰਕੇ ਆਪਣਾ ਇਤਿਹਾਸਕ-ਰੋਲ ਅਦਾ ਕਰਨ।

## (3) ਕਾਨਫਰੰਸ ਅਤੇ ਸੱਭਿਆਚਾਰਕ-ਪ੍ਰੋਗਰਾਮ

ਹਿੰਦੁਸਤਾਨੀ ਗਦਰ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਵੱਲੋਂ 11 ਨਵੰਬਰ 1973 ਨੂੰ ਟੁਪਰ ਸੈਕੰਡਰੀ ਸਕੂਲ ਵਿੱਚ 4 ਵਜੇ (ਸ਼ਾਮ) ਤੋਂ ਰਾਤ ਦੇ ਇੱਕ ਵਜੇ ਤੱਕ ਕਾਨਫਰੰਸ ਅਤੇ ਸੱਭਿਆਚਾਰਕ ਪ੍ਰੋਗ੍ਰਾਮ ਪੇਸ਼ ਕੀਤੇ ਗਏ।

ਕਾਨਫਰੰਸ ਵਿੱਚ ਭਾਰਤ ਦੀ ਮੌਜੂਦਾ ਰਾਜਨੀਤਕ ਸਥਿਤੀ ਬਾਰੇ ਭਾਸ਼ਨ ਹੋਏ ਜਿਨ੍ਹਾਂ ਵਿੱਚ ਗਰੀਬੀ, ਮਹਿੰਗਾਈ, ਰਾਜਨੀਤਕ ਹਨੇਰਗਰਦੀ, ਵਪਾਰਕ ਅਤੇ ਸਨਅਤ ਬਾਰੇ ਭਾਰਤੀ ਅਖਬਾਰਾਂ ਵਿੱਚ ਛਪੇ ਅੰਕੜੇ ਪੇਸ਼ ਕੀਤੇ ਗਏ। ਕਈ ਹੋਰ ਦੇਸ਼ਾਂ ਦੀਆਂ ਮਾਰਕਸਵਾਦੀ-ਲੈਨਿਨਵਾਦੀ ਪਾਰਟੀਆਂ ਨੇ ਕੈਨੇਡਾ ਦੀ ਇਸ ਸੰਸਥਾ (ਹਿੰਦੁਸਤਾਨੀ ਗਦਰ ਪਾਰਟੀ) ਅਤੇ ਭਾਰਤੀ ਲੋਕਾਂ ਨੂੰ ਕ੍ਰਾਂਤੀ-ਸੁਨੇਹੇ ਤੇ ਸ਼ੁਭ-ਇੱਛਾਵਾਂ ਦਿੱਤੀਆਂ। ਸੱਭਿਆਚਾਰਕ-ਪ੍ਰੋਗਰਾਮ ਵਿੱਚ ਜਲਿਆਂ ਵਾਲਾ ਬਾਗ, ਮੋਗਾ ਕਾਂਡ, ਭਗਤ ਸਿੰਘ ਸ਼ਹੀਦ ਅਤੇ ਕਈ ਹੋਰ ਅਗਾਂਹਵਧੂ ਕਵਿਤਾਵਾਂ ਪੜ੍ਹੀਆਂ ਗਈਆਂ। ਅੰਤ ਵਿੱਚ ਭਾਰਤ-ਚੀਨ-ਲੜਾਈ ਬਾਰੇ ਦੋ ਫਿਲਮਾਂ ਦਿਖਾਈਆਂ ਗਈਆਂ। 13 ਘੰਟੇ ਲੰਬੇ ਇਸ ਪ੍ਰੋਗ੍ਰਾਮ ਨੂੰ ਸਬਰ ਨਾਲ ਸੁਣਨ ਲਈ ਸਰੋਤੇ ਤੇ ਪ੍ਰਬੰਧਕ ਪ੍ਰਸੰਸਾ ਦੇ ਹੱਕਦਾਰ ਹਨ।


ਹਰ ਕਿਸਮ ਦੇ ਬੀਮੇ ਸੰਬੰਧੀ ਤੁਹਾਡੇ ਸੁਘੜ-ਸਲਾਹਕਾਰ

(ਸੁਰਜੀਤ ਗਿੱਲ)

**ਗਿੱਲ ਇਨਸ਼ੋਅਰੈਂਸ**
**ਸਰਵਿਸਜ਼ ਕੰਪਨੀ ਲਿਮਿਟਡ**

AUTO — FIRE — LIFE

ਟੈਲੀਫੋਨ:

BUS. 879-5522
RES. 874-6656



**ਗੁਰਚਰਨ ਰਾਮਪੁਰੀ ਦੀ ਨਵੀਂ ਕਾਵਿ-ਪੁਸਤਕ**

# ਅੰਨ੍ਹੀ ਗਲੀ

ਗੁਰਚਰਨ ਰਾਮਪੁਰੀ ਦਾ ਦਰਦ ਲੋਕਾਈ ਦਾ ਦਰਦ ਹੈ ਤੇ ਉਹਦੇ ਸੁਪਨੇ ਲੋਕਾਈ ਦੇ ਸੁਪਨੇ ਹਨ। ਉਹ ਵਰਤਮਾਨ ਦੀਆਂ ਕੁੜਤਣਾ ਪੀਂਦਾ ਕਿਸੇ ਸੁਨਹਿਰੀ ਭਵਿੱਖ ਤੋਂ ਪ੍ਰੇਰਨਾ ਲੈਂਦਾ ਤੇ ਵਰਤਮਾਨ ਦੇ ਕੋਝ ਵਿਰੁਧ ਜੂਝਦਾ ਹੈ।

ਪਿਆਰਾ ਸਿੰਘ ਸਹਿਰਾਈ

ਉਹ ਸਾਰੇ ਵਿਸ਼ਵ ਨੂੰ ਬੇ-ਖਾਰ ਚਮਨ ਦੇਖਣਾ ਚਾਹੁੰਦਾ ਹੈ। ਇਕ ਫੁੱਲ ਦੀ ਮੌਤ ਵੀ ਉਸ ਨੂੰ ਤੜਪਾ ਦੇਂਦੀ ਹੈ। ਉਸ ਦੀ ਕਲਮ ਦੀ ਤੋਰ ਚਾਨਣਾਂ ਦੀ ਹਮ-ਸਫ਼ਰ ਹੈ। ਗੁਰਚਰਨ ਦੀ ਕਵਿਤਾ ਵਿਚ ਲਚਕ ਵੀ ਹੈ ਤੇ ਪਾਰੇ ਵਰਗੀ ਚੰਚਲਤਾ ਵੀ। ਸੋਚ ਸ਼ਬਦਾਂ ਤੇ ਅਰਥਾਂ ਦਾ ਸੁਮੇਲ ਵੀ।

ਸੁਰਜੀਤ ਰਾਮਪੁਰੀ

ਵਡਾ ਸਾਈਜ਼ ਸ਼ਾਨਦਾਰ ਗੈੱਟ ਅਪ ਕੀਮਤ ੬ ਰੁਪਏ

ਮਿਲਣ ਦਾ ਪਤਾ :

ਆਰਸੀ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ-੬

# ਦਲਜੀਤ ਸਿੱਧੂ

ਦਾ ਲੰਬੇ ਸਮੇਂ ਦਾ ਤਜਰਬਾ

ਪਲਾਟ (LOTS), ਘਰ (HOUSES),
ਜ਼ਮੀਨ (ACREAGE) ਅਤੇ ਹੋਰ ਹਰ
ਤਰ੍ਹਾਂ ਦੀ ਜਾਇਦਾਦ ਖਰੀਦਣ ਜਾਂ ਵੇਚਣ
ਲਈ ਤੁਹਾਡਾ ਉਡੀਕਵਾਨ ਹੈ।

ਟੈਲੀਫੋਨ:
ਦਫ਼ਤਰ: 581-4601 ਘਰ: 596-9062



# DALJIT SIDHU

Member DIAMOND CLUB
(having completed sales over one million)

## BLOCK BROS. REALTY LTD.

9360 SCOTT RD., SURREY, B.C. • OFF: 581-4601 • RES: 596-9062


## ਵਿਸ਼ੇਸ਼ ਸੂਚਨਾ

ਕੇ. ਪੀ. ਔਜਲੇ
ਬਾਕਸ 863
DAWSON CREEK, B.C.

ਸ਼੍ਰੀ ਕੇ ਪੀ ਔਜਲੇ ਕੈਨੇਡਾ ਵਿਚ ਵਸਦੇ ਪੰਜਾਬੀਆਂ ਦੇ ਜੀਵਨ ਬਾਰੇ ਇੱਕ ਲੇਖ ਸੰਗ੍ਰਹਿ ਛਾਪਣਾ ਚਾਹੁੰਦੇ ਹਨ। ਲੇਖਕ ਵੀਰਾਂ ਨੂੰ ਬੇਨਤੀ ਹੈ ਕਿ ਹਿੰਦੀ, ਪੰਜਾਬੀ, ਉਰਦੂ ਜਾਂ ਅੰਗਰੇਜ਼ੀ ਵਿੱਚ ਹੇਠ ਲਿਖੇ ਵਿਸ਼ਿਆਂ ਤੇ ਲੇਖ ਲਿਖਕੇ ਔਜਲੇ ਜੀ ਨੂੰ ਭੇਜ ਦੇਣ:-

(1) ਕੈਨੇਡਾ ਆ ਕੇ ਮੈਂ ਬੜਾ ਖੁਸ਼ ਹਾਂ (2) ਬੜੇ ਦੁੱਖ ਝੱਲਣੇ ਪਏ ਕੈਨੇਡਾ ਆ ਕੇ
(3) ਕੈਨੇਡੀਅਨ ਰਾਜਨੀਤੀ ਤੇ ਅਸੀਂ (4) ਅਸੀਂ ਅੱਜ ਦੇ ਭਾਰਤ ਲਈ ਕੀ ਕਰ ਸਕਦੇ
(5) ਭਾਰਤ ਤੇ ਕੈਨੇਡਾ ਦਾ ਵਿੱਦਿਅਕ ਢੰਗ (6) ਕੈਨੇਡੀਅਨ ਭਾਰਤੀਆਂ ਦਾ ਇਤਿਹਾਸ
(7) ਕੈਨੇਡੀਅਨ ਭਾਰਤੀਆਂ ਦਾ ਇਤਿਹਾਸਕ ਰੋਲ (8) ਕੈਨੇਡਾ ਵਿੱਚ ਪੰਜਾਬੀ ਪੱਤਰਕਾਰੀ
(9) ਕੈਨੇਡਾ ਵਿੱਚ ਭਾਰਤੀ ਦਰਸ਼ਕ (10) ਕੈਨੇਡਾ ਵਿੱਚ ਸਾਡੇ ਰੇਡੀਓ ਪ੍ਰੋਗਰਾਮ
(11) ਕੈਨੇਡਾ ਵਿੱਚ ਸਾਡੇ ਟੈਲੀਵਿਜ਼ਨ ਪ੍ਰੋਗਰਾਮ (12) ਕੈਨੇਡਾ ਵਿੱਚ ਭਾਰਤੀ ਸੰਸਥਾਵਾਂ
(13) ਕੈਨੇਡਾ ਵਿੱਚ ਸਾਡੇ ਧਾਰਮਿਕ ਅਸਥਾਨ (14) ਕੈਨੇਡਾ ਵਿੱਚ ਸਾਡੇ ਭਾਰਤੀ ਆਗੂ
(15) ਕੈਨੇਡਾ ਵਿੱਚ ਸਾਡੇ ਨਾਲ ਨਸਲੀ ਵਿਤਕਰਾ (16) ਕੈਨੇਡਾ ਦਾ ਭੂਗੋਲ
(17) ਤੇ ਆਖਰ ਕੀ ਲੋੜ ਸੀ ਮੈਨੂੰ ਕੈਨੇਡਾ ਆਉਣ ਦੀ ਜੇ ਮੈਂ ਉਹ ਜਿੰਨੀ ਮਿਹਨਤ ਪੰਜਾਬ ਕੀਤ
(18) [illegible] - ਕੈਨੇਡਾ ਵਿੱਚ ਵਸਦੇ ਪੰਜਾਬੀ ਤੇ ਇਹ ਕਹਾਵਤ

## ਇਸ ਅੰਕ ਦਾ ਨਾਵਲ

# ਅਣਹੋਣੇ

(ਗੁਰਦਿਆਲ ਸਿੰਘ)

ਅਜੋਕੇ ਪੰਜਾਬੀ ਨਾਵਲਕਾਰਾਂ ਵਿਚੋਂ ਗੁਰਦਿਆਲ ਸਿੰਘ ਨਿਰਸੰਦੇਹ ਇੱਕ ਪ੍ਰਭਾਵਸ਼ਾਲੀ-ਨਾਵਲਕਾਰ ਹੈ। ਆਪਣੇ ਪਹਿਲੇ ਨਾਵਲ 'ਮੜ੍ਹੀ ਦਾ ਦੀਵਾ' ਤੋਂ ਬਾਅਦ ਹੀ ਉਹ ਪੰਜਾਬੀ-ਨਾਵਲ ਦੇ ਮੁਲਾਂਕਣ ਪਰਕਿਰਿਆ ਦਾ ਕੇਂਦਰ ਬਣ ਗਿਆ। ਉਸ ਤੋਂ ਬਾਅਦ ਕ੍ਰਮਵਾਰ 'ਅਣਹੋਣੇ', 'ਕੁਵੇਲਾ', 'ਰੇਤੇ ਦੀ ਇੱਕ ਮੁੱਠੀ' ਤੇ 'ਅੱਧ ਚਾਨਣੀ ਰਾਤ' ਵਿੱਚ ਵੀ ਉਸਨੇ ਆਪਣੀ ਨਾਵਲ-ਕਲਾ ਦਾ ਪੱਧਰ ਕਾਇਮ ਰੱਖਿਆ ਹੈ। ਖ਼ੂਬਸੂਰਤ ਸ਼ੈਲੀ, ਮਨੁੱਖੀ ਸਥਿਤੀਆਂ ਦਾ ਗੰਭੀਰ-ਵਿਸ਼ਲੇਸ਼ਣ ਅਤੇ ਵਿਸ਼ੇਸ਼ ਕਰਕੇ ਜਮਾਤੀ-ਸੂਝ ਉਸਦੀ ਕਲਾ ਦੇ ਪ੍ਰਮੁੱਖ ਗੁਣ ਹਨ। ਇਸ ਪ੍ਰਤੀਨਿਧ ਨਾਵਲਕਾਰ ਤੋਂ ਪੰਜਾਬੀ-ਸਾਹਿਤ ਨੂੰ ਢੇਰ ਆਸਾਂ ਹਨ।

'ਅਣਹੋਣੇ' ਗੁਰਦਿਆਲ ਸਿੰਘ ਦੀ ਇੱਕ ਸ਼ਕਤੀਸ਼ਾਲੀ ਪੇਸ਼ਕਸ਼ ਹੈ ਜਿਸ ਵਿੱਚ ਉਹ ਰਾਜਨੀਤਕ ਤੇ ਸਮਾਜਕ ਬੇਇਨਸਾਫ਼ੀਆਂ ਅਤੇ ਉਨ੍ਹਾਂ ਦੀ ਪੈਦਾਵਾਰ ਬਾਗ਼ੀ-ਪਾਤਰਾਂ ਦੀ ਮਨੋਦਸ਼ਾ ਚਿਤਰਦਾ ਹੈ। ਦਿੱਤੇ ਗਏ ਕਾਂਡ ਨੰ: 2 ਵਿਚ ਮੁੱਖ ਪਾਤਰ ਬਿਸ਼ਨਾ ਮਗ਼ਰੂਰ-ਹਾਕਮ ਦੇ ਕੰਨੀਂ ਆਪਣੀ ਅਣਖੀ-ਆਵਾਜ਼ ਆਪਣੇ ਹੀ ਅੰਦਾਜ਼ ਨਾਲ ਪਾਉਣ ਲਈ ਸੰਘਰਸ਼ਸ਼ੀਲ ਹੈ। (ਸੰਪਾਦਕ)

## ਕਾਂਡ 2.

ਰੂੰ-ਵੇਲਣੀਆਂ ਦੇ ਕਾਰਖਾਨੇ ਨੂੰ ਸਾਹਮਣੇ, ਪਹਾੜ ਵਾਲੇ ਪਾਸੇ ਜਿਹੜੀ ਨਵੀਂ-ਬਸਤੀ ਪਿਛਲੇ ਵਰ੍ਹੇ ਤੋਂ ਬਣਨ ਲਗੀ ਹੋਈ ਸੀ ਉਹਦੇ ਅਧ-ਬਣੇ ਨਵੇਂ ਢੰਗ ਦੇ ਘਰਾਂ ਵਿਚਕਾਰ, ਇਕ ਖੁੱਲ੍ਹੇ ਥਾਂ ਵੱਡੇ ਵਜ਼ੀਰ ਦਾ ਦੀਵਾਨ ਲਗਣਾ ਸੀ। ਦਿਨ ਚੜ੍ਹਦਿਓਂ ਪਹਿਲਾਂ, ਅਫ਼ਸਰੇ-

ਮੰਡੀ ਤੇ ਉਹਦੇ ਅਹਿਲਕਾਰਾਂ ਨੇ ਗਲੀਆਂ ਚੰਗੀ ਤਰ੍ਹਾਂ ਸਾਫ਼ ਕਰਵਾ ਕੇ ਮਾਸ਼ਕੀਆਂ ਤੋਂ ਛਿੜਕਾ ਕਰਵਾ ਦਿਤਾ ਸੀ ਤੇ ਫੇਰ ਬਸਤੀ ਵਿਚ ਪੰਡਾਲ ਦਾ ਪ੍ਰਬੰਧ ਕਰਨ ਲਗ ਪਏ ਸਨ। ਚਾਰੇ ਪਾਸੇ ਈ ਇਕ ਹਫੜਾ-ਦਫੜੀ ਉਸੇ ਦਿਨ ਰਾਤ ਨੂੰ ਬਿਸ਼ਨੇ ਹੋਰੀਂ, ਜ਼ਮਾਨਤ ਉਤੇ ਰਿਹਾ ਹੋ ਕੇ ਆ ਗਏ ਸਨ ਤੇ ਕਲ੍ਹ ਤੋਂ ਬਿਸ਼ਨਾ ਤੇ ਦਿਆਕੁਰ, ਆਪਣੇ ਘਰ ਦੇ ਨਾਲ ਲਗਵੇਂ ਪੁਰਾਣੇ ਹਾਤੇ ਨੂੰ, ਪੱਧਰਨ-ਸੂਹਰਨ ਲਗੇ ਹੋਏ ਸਨ। ਇਹ ਹਾਤਾ ਫੂਲ-ਵਾਲੇ ਸੇਠਾਂ ਦਾ ਸੀ ਤੇ ਆਪਣੇ ਬਾਹਰਲੇ ਘਰ ਜਾਣੋਂ ਪਹਿਲਾਂ ਉਹ ਪੰਦਰਾਂ ਵਰ੍ਹੇ ਏਥੇ ਈ ਰਹੇ ਸਨ। ਪਰ ਹੁਣ ਚਹੁੰ-ਪੰਜਾਂ ਵਰ੍ਹਿਆਂ ਤੋਂ ਵਰਾਨ ਪਿਆ ਰਹਿਣ ਕਰ ਕੇ ਦਿਹਦੀਆਂ ਗਲੀਆਂ ਉਤੇ ਲਗਦੀਆਂ ਪਿੱਲੀਆਂ ਇੱਟਾਂ ਦੀਆਂ ਦੋਵੇਂ ਕੰਧਾਂ ਸਭ ਢਹਿ ਗਈਆਂ ਸਨ। ਉਰਲੇ ਖੂੰਜੇ ਪਾਈ ਕੋਠੜੀ ਮੀਂਹ-ਹਨੇਰੀਆਂ ਨਾਲ ਅਧ-ਢੱਠੀ ਹੋ ਗਈ ਸੀ। ਦੋ ਕਨਾਲਾਂ ਦਾ, ਕਦੇ ਡੱਬੇ ਵਰਗਾ, ਚੌਰਸ ਹਾਤਾ ਰੋਹੀ ਵਰਗਾ ਦਿਸਦਾ ਸੀ। ਹੁਣ ਤਾਈਂ ਬੁੱਧੇ ਨੂੰ ਨਾਲ ਲਾ ਕੇ ਬਿਸ਼ਨੇ ਨੇ ਪਹਾੜ ਵਾਲੇ ਪਾਸੇ ਦੀ ਕੰਧ ਅੱਧੀ ਕੁ ਸੂਤ ਕਰ ਲਈ ਸੀ। ਦਿਆਕੁਰ ਮੂੰਹ-ਹਨੇਰੇ ਤੋਂ ਈ ਕੋਠੜੀ ਨੂੰ ਮਿੱਟੀ ਲਾਉਣ ਲਗੀ ਹੋਈ ਸੀ।

ਦੁਪਹਿਰ ਤੋਂ ਮਗਰੋਂ, ਜਦੋਂ ਗਲੀਆਂ ਵਿਚ 'ਆ-ਗੇ' 'ਆ-ਗੇ' ਦਾ ਰੌਲਾ ਪੈਣ ਲਗ ਪਿਆ, ਤਾਂ ਬਿਸ਼ਨੇ ਨੇ ਮੂੰਹ ਹੱਥ ਧੋ ਕੇ, ਮਿੱਟੀ ਨਾਲ ਲਿਬੜੇ ਓਹੋ ਕੱਪੜੇ ਝਾੜ ਕੇ ਪਾਏ ਤੇ ਪੱਗ ਬੰਨ੍ਹ ਕੇ ਨਵੀਂ ਬਸਤੀ ਵਲ ਤੁਰ ਗਿਆ।

ਖੁਲ੍ਹੇ ਥਾਂ ਦੂਰ ਤਕ ਸ਼ਾਮਿਆਨੇ ਲਗੇ ਹੋਏ ਸਨ। ਥਾਂ ਥਾਂ ਸਪਾਹੀਆਂ ਦੇ ਪਹਿਰੇ ਲਗੇ ਹੋਏ ਸਨ। ਜਿਥੋਂ 'ਦਰਬਾਰ' ਲਈ ਰਾਹ ਛਡਿਆ ਹੋਇਆ ਸੀ ਤੇ ਧੁਰ ਤਾਈਂ ਨਮਦੇ ਦਾ ਮਿਰਚ-ਰੰਗਾ ਗ਼ਲੀਚਾ ਵਿਛਿਆ ਹੋਇਆ ਸੀ, ਉਹਦੇ ਸਾਹਮਣੇ ਕਿੰਨੀਆਂ ਸਾਰੀਆਂ ਮੋਟਰ-ਕਾਰਾਂ ਖੜੋਤੀਆਂ ਸਨ। ਸ਼ਾਮਿਆਨਿਆਂ ਦੇ ਹੇਠ, ਬਾਹਰ, ਦੂਰ ਤਾਈਂ ਲੋਕ ਈ ਲੋਕ ਦਿਸਦੇ ਸਨ।

ਪਿਛਲੇ ਪਾਸੇ, ਮੋਢੇ ਉੱਚੇ, ਚੋੜੇ ਥੜ੍ਹੇ ਉਤੇ ਦਰੀਆਂ ਵਿਛਾ ਕੇ 'ਦਰਬਾਰ' ਸਜਾਇਆ ਹੋਇਆ ਸੀ। ਬਿਲਕੁਲ ਵਿਚ ਲੇ ਬੈਠਵੀਂ, ਸੰਤਰੀ ਪੱਗ ਬੰਨ੍ਹੀ, ਬਿਸਕੁਟੀ ਰੰਗ ਦੀ ਐਚਕਨ ਤੇ ਰੇਬ ਪਜਾਮਾ ਪਾਈ ਇਕ ਮਧਰੇ ਕੱਦ, ਗੋਰੇ ਗੋਲ ਮੁੰਨੇ ਹੋਏ ਮੂੰਹ ਵਾਲਾ ਬੰਦਾ, ਚਾਂਦੀ ਦੀ, ਸ਼ਾਹੀ ਢੋਅ ਵਾਲੀ ਇਕ ਕੁਰਸੀ ਉਤੇ ਬੈਠਾ ਸੀ। ਇਹ ਕੁਰਸੀ ਰਾਜੇ ਦੇ ਤਖ਼ਤ ਵਰਗੀ ਸੀ। ਉਹਦੇ ਪੈਰਾਂ ਹੇਠ ਚਮਕਦੇ ਪਿੱਤਲ ਦੀ, ਵਿਚਕਾਰੋਂ ਗੂੜ੍ਹੀ-ਹਰੀ ਸ਼ਨੀਲ ਭਾਹ ਮਾਰਦੀ ਨਿਕੀ ਪੀੜ੍ਹੀ ਜਿਹੀ ਰਖੀ ਹੋਈ ਸੀ ਜਿਸ ਉਤੇ ਉਹਨੇ ਲੱਤਾਂ ਕੈਂਚੀ-ਦਾਅ ਕਰ ਕੇ, ਪੈਰ ਧਰੇ ਹੋਏ ਸਨ। ਕੁਰਸੀ ਦੀਆਂ ਉਚੀਆਂ, ਗੱਦੇਦਾਰ ਲਾਲ-ਤਰੰਗ ਬਾਹਾਂ ਉਤੇ ਉਹਨੇ ਰਾਜਿਆਂ ਵਾਂਗ, ਆਪਣੇ ਨਿਕੇ ਨਿਕੇ ਹੱਥ ਖ਼ਾਸ ਅੰਦਾਜ਼ ਨਾਲ ਰਖੇ ਹੋਏ ਸਨ। ਇਹ ਰਿਆਸਤ ਦਾ ਵੱਡਾ ਵਜ਼ੀਰ ਸੀ।

ਵੱਡੇ ਵਜ਼ੀਰ ਦੇ ਖੱਬੇ ਪਾਸੇ ਇਕ ਵੱਡੀ ਸਾਰੀ, ਟੂਟੀ ਵਾਲਾ ਪੱਗ ਵਾਲਾ ਬੰਦਾ ਸੀ। ਬਹੁਤਾ ਕੱਦਾਵਰ ਹੋਣ ਕਰ ਕੇ ਉਹ ਵੱਡੇ ਵਜ਼ੀਰ ਨਾਲੋਂ ਉਚਾ ਬੈਠਾ ਲਗਦਾ ਸੀ। ਭਾਵੇਂ ਉਹਦੀ ਕੁਰਸੀ ਵਡੇ ਵਜ਼ੀਰ ਵਰਗੀ ਨਹੀਂ ਸੀ,

> ...ਉਹ ਰੇਸ਼ਮੀ ਐਚਕਨਾਂ ਪਾਈ, ਆਪਣੇ ਢਿੱਡਾਂ ਉੱਤੇ ਹੱਥਾਂ ਦੀਆਂ ਕੈਂਗੀਆਂ ਪਾ ਕੇ ਮਿੱਟੀ ਦੇ ਬਾਵਿਆਂ ਵਾਂਗ ਅਹਿਲ ਬੈਠੇ ਹੋਏ ਸਨ। ਧੌਣਾਂ ਸੂਰਾਂ ਵਾਂਗ ਸਿੱਧੀਆਂ ਅਕੜਾ-ਈਆਂ ਹੋਈਆਂ ਸਨ ਤੇ ਚਿਹਰਿਆਂ ਉੱਤੇ ਬਣਾਉਟੀ ਜਿਹੀ ਗੰਭੀਰਤਾ ਸੀ। ਤਿੰਨੇ ਚੌਧਰੀਆਂ ਨੂੰ...

ਪਰ ਉਹ ਦੂਜੀਆਂ ਸਾਰੀਆਂ ਕੁਰਸੀਆਂ ਨਾਲੋਂ ਰਤਾ ਉਚੀ ਸੀ। ਏਸ ਬੰਦੇ ਨੇ ਛੋਜੀਆਂ ਵਾਂਗ ਦਾਹੜੀ ਚਾੜ੍ਹੀ ਹੋਈ ਸੀ, ਸਰੀਰ ਭਾਰਾ ਹੋਣ ਕਰ ਕੇ ਉਹ ਆਪਣੀ ਕਾਲੀ ਐਚਕਨ ਵਿਚ ਮੜਿਆ ਜਾਪਦਾ ਸੀ। ਨੱਕ ਵੱਡਾ ਸਾਰਾ ਸੀ; ਬਹੁਤੀਆਂ ਈ ਮੋਟੀਆਂ ਅੱਖਾਂ ਉਹਦੇ ਕੱਦ ਮੁਜਬ ਭਾਵੇਂ ਓਪਰੀਆਂ ਨਹੀਂ ਸਨ ਲਗਦੀਆਂ, ਪਰ ਉਨ੍ਹਾਂ ਦੀ ਝਾਕਣੀ ਬਹੁਤ ਕੁਢੱਬੀ ਲਗਦੀ ਸੀ।

ਇਨ੍ਹਾਂ ਦੋਹਾਂ ਦੇ ਬਰਾਬਰ ਹੋਰ ਕੋਈ ਕੁਰਸੀ ਨਹੀਂ ਹੀ। ਪਿਛਲੀ ਪਾਲ ਵਾਲੀਆਂ ਕੁਰਸੀਆਂ ਉਤੇ ਕੁਝ ਓਪਰੇ, ਵਰਦੀਆਂ ਵਾਲੇ ਬੰਦੇ ਸਨ ਤੇ ਕੁਝ ਮੰਡੀ ਦੇ ਚੌਧਰੀ ਤੇ ਅਹਿਲਕਾਰ। ਬਿਸ਼ਨਾ ਉਰੇ ਈ ਸ਼ਾਮਿਆਨਿਆਂ ਤੋਂ ਬਾਹਰ ਧੁਪੇ ਖੜੋਤਾ ਦਰਬਾਰ ਵਲ ਵੇਖਦਾ ਰਿਹਾ। ਓਪਰੇ ਬੰਦਿਆਂ ਵਲ ਇਕ ਸਰਸਰੀ ਨਿਗਾਹ ਮਾਰ ਕੇ ਚੌਧਰੀਆਂ ਵਲ ਤਾੜਣ ਲਗ ਪਿਆ। ਉਹ ਰੇਸ਼ਮੀ ਐਚਕਨਾਂ ਪਾਈ, ਆਪਣੇ ਢਿੱਡਾਂ ਉਤੇ ਹੱਥਾਂ ਦੀਆਂ ਕੰਗੀਆਂ ਪਾ ਕੇ ਮਿੱਟੀ ਦੇ ਬਾਵਿਆਂ ਵਾਂਗ ਅਹਿਲ ਬੈਠੇ ਹੋਏ ਸਨ। ਧੌਣਾਂ ਸੂਰਾਂ ਵਾਂਗ ਸਿਧੀਆਂ ਅਕੜਾਈਆਂ ਹੋਈਆਂ ਸਨ ਤੇ ਚਿਹਰਿਆਂ ਉਤੇ ਬਣਾਉਟੀ ਜਿਹੀ ਗੰਭੀਰਤਾ ਸੀ। ਤਿੰਨੇ ਚੌਧਰੀਆਂ ਨੂੰ ਇੰਜ ਬੈਠੇ ਵੇਖ ਕੇ ਬਿਸ਼ਨੇ ਦੇ ਹੋਠਾਂ ਉਤੇ ਵਿਅੰਗਮਈ ਮੁਸਕਾਨ ਆ ਗਈ।

ਬਿਸ਼ਨਾ ਇਨ੍ਹਾਂ ਤਿੰਨਾਂ ਦੇ ਓੜਮੇ-ਕੋੜਮੇ ਤੇ ਅਗੇ-ਪਿਛੇ ਬਾਰੇ ਸਭ ਕੁਝ ਚੰਗੀ ਤਰ੍ਹਾਂ ਜਾਣਦਾ ਸੀ। ਬਿੰਦ ਦਾ ਬਿੰਦ, ਆਪਣੀ ਮਾਸੀ ਜਾਤਣ ਦੀਆਂ ਸੁਣਾਈਆਂ, ਕੰਗਲੇ-ਰਾਜੇ ਦੀਆਂ ਬਾਤਾਂ ਵਾਂਗ ਇਨ੍ਹਾਂ ਤਿੰਨਾਂ ਦਾ ਪਿੱਛਾ ਉਹਨੂੰ ਯਾਦ ਆਇਆ ਤੇ ਮੱਥੇ ਉਤੇ ਘਿਰਣਾ ਨਾਲ ਵੱਟ ਪੈ ਗਏ। ਅੱਖਾਂ ਸੁੰਗੇੜ ਕੇ, ਚਿਹਰੇ ਉਤੇ ਘੂਰੀ ਵੱਟਣ ਵਰਗਾ ਪ੍ਰਭਾਵ ਪੈਦਾ ਕਰਦਿਆਂ ਉਹਨੇ ਤਾੜਵੀਂ ਨਿਗਾਹ ਵਾਰੀ ਵਾਰੀ ਕੁਝ ਚਿਰ ਤਿੰਨਾਂ ਵਲ ਵੇਖਿਆ ਤੇ ਇਨ੍ਹਾਂ ਤਿੰਨਾਂ ਤੋਂ ਬਿਨਾਂ ਉਹਨੂੰ ਭਰੇ ਦਰਬਾਰ ਵਿਚ ਜਿਵੇਂ ਹੋਰ ਸਭ ਕੁਝ ਦਿਸਣੋਂ ਹਟ ਗਿਆ।

ਪਹਿਲਾਂ ਉਹਨੇ ਮੋਤੀਆ ਪੱਗ ਵਾਲੇ, ਚਾਪੜ-ਮੂੰਹੇਂ ਗੋਕਲ ਚੰਦ ਵਲ ਵੇਖਿਆ ਜੀਹਦੀਆਂ ਅੱਖਾਂ ਗੱਲ੍ਹਾਂ ਦੇ ਫੁੱਲੇ ਮਾਸ ਵਿਚ ਡੂੰਘੀਆਂ ਧਸੀਆਂ, ਤੇੜਾਂ ਵਾਂਗ ਲਗਦੀਆਂ ਸਨ; ਉਤਾਂਹ ਨੂੰ ਚਕਵੀਂ, ਘਣ ਦੇ ਡੰਗੇ ਵਰਗੀ ਠੋਡੀ ਦੇ ਹੇਠ ਧੌਣ ਵਿਚ ਐਚਕਨ ਦਾ ਕਾਲਰ ਘੋੜੇ ਦੇ ਤੇਗ ਵਾਂਗ ਕਸਿਆ ਲਗਦਾ ਸੀ। ਗੋਕਲ ਦਾ ਪਿਓ ਬਿਸ਼ਨੇ ਦੇ ਪਿੰਡ, ਇਕ ਲੰਡੀ, ਲਾਗੇ-ਖਾਧੀ ਟੋਰ ਉਤੇ ਭਾਂਡੇ ਵੇਚਣ ਜਾਂਦਾ ਹੁੰਦਾ ਸੀ। ਬਿਸ਼ਨੇ ਦੀ ਮਾਂ ਨੇ ਇਕ ਵਾਰੀ ਉਹਤੋਂ, ਭਰਤ ਦੀਆਂ ਕੌਲੀਆਂ, ਪਿੱਤਲ ਦੇ ਗਲਾਸ ਤੇ ਇਕ ਵੱਡਾ ਗੜਵਾ ਲਿਆ ਸੀ। ਗੜਵਾ ਤਾਂ ਅਜੇ ਤਾਈਂ ਬਿਸ਼ਨੇ ਦੇ ਘਰ ਵਰਤਿਆ ਜਾਂਦਾ ਸੀ। ਇਨ੍ਹਾਂ ਗੱਲਾਂ ਨੂੰ ਪੈਂਤੀ-ਚਾਲ੍ਹੀ ਵਰ੍ਹੇ ਹੋ ਚੁਕੇ ਸਨ, ਪਰ ਬਿਸਨੇ ਨੂੰ ਕਲ੍ਹ-ਦੀਆਂ-ਗੱਲਾਂ ਈ ਜਾਪਦੀਆਂ ਸਨ।

ਗੋਕਲ ਦੇ ਖੱਬੇ ਪਾਸੇ ਸਪੋਲੀਆਂ ਵਰਗੇ ਵੱਟਾਂ ਵਾਲੀ ਕੰਨਾਂ ਤੋਂ ਉੱਚੀ, ਮਾਰਵਾੜੀ ਪੱਗ ਬੰਨ੍ਹੀਂ, ਸੁਨਹਿਰੀ ਫ਼ਰਮ ਵਾਲੀਆਂ ਐਨਕਾਂ ਲਾਈ ਸੇਠ ਸ਼ਿਵ ਰਾਮ ਬੈਠਾ ਸੀ। ਇਹਦਾ ਪਿਓ ਵੀ ਬਿਸ਼ਨੇ ਕੇ ਜੱਦੀ ਪਿੰਡੋਂ ਦੋ ਕੁ ਕੋਹ ਉਤੇ ਇਕ ਪਿੰਡ ਵਿਚ ਲੂਣ ਤੇਲ ਦੀ ਹੱਟੀ ਕਰਦਾ ਹੁੰਦਾ। ਉਸ ਪਿੰਡ

ਬਿਸ਼ਨੇ ਦਾ ਦੂਰੋਂ-ਨੇੜਿਓਂ ਲਗਦਾ ਇਕ ਤਾਇਆ ਰਹਿੰਦਾ ਸੀ। ਬਿਸ਼ਨੇ ਹੋਰੀਂ ਨਿੱਕੇ ਹੁੰਦੇ, ਛੋਟੇ ਕੀ ਢਾਬ ਵਾਲੇ ਬੋਹੜਾਂ ਤੇ ਕੜਕਾਲ੍ਹਾਂ ਖੇਡਦੇ ਖੇਡਦੇ ਉਸ ਪਿੰਡ ਜਾ ਵੜਦੇ। ਸ਼ਿਵ ਰਾਮ ਦੇ ਪਿਓ ਦੀ ਹੱਟੀ ਬਿਸ਼ਨੇ ਦੇ ਤਾਏ ਦੇ ਕਾਰਖ਼ਾਨੇ ਨੂੰ ਸਾਹਮਣੀ ਸੀ। ਲੋਕਾਂ ਨੂੰ ਕਰਜ਼ ਉਤੇ ਪੈਸੇ ਦੇਣ ਕਰ ਕੇ ਉਹ ਆਮ ਕਰ ਕੇ ਨੇੜੇ ਦੇ ਪਿੰਡੀਂ ਉਗਰਾਹੀ ਲਈ ਚੜ੍ਹਿਆ ਰਹਿੰਦਾ। ਹੱਟੀ ਉਤੇ ਜਾਂ ਇਹ ਚੌਧਰੀ, 'ਛਿੱਬੂ' ਹੁੰਦਾ ਜਾਂ ਇਹਦੀ ਖਾਗੜਣੀ ਮਾਂ। ਓਦੋਂ ਇਹ ਪੰਦਰਾਂ ਕੁ ਵਰ੍ਹਿਆਂ ਦਾ ਸੀ ਤੇ ਇਹਦਾ ਸਰੀਰ ਬੜਾ ਸੁਕੜੂ ਜਿਹਾ ਹੁੰਦਾ।

'ਛਿੱਬੂ' ਦੀ ਮਾਂ ਸਿਧਰੀ ਸੀ। ਉਹ ਹੱਟੀ ਦੇ ਥੜ੍ਹੇ ਮੂਹਰੇ ਬੈਠੀ ਆਪਣੀ ਕੱਚ-ਘਰੜ ਪੰਜਾਬੀ ਵਿਚ ਸਾਰਾ ਦਿਨ ਕਿਰੜ-ਕਿਰੜ ਕਰਦੀ ਰਹਿੰਦੀ। ਤੇੜ ਉਹਨੇ ਮੈਲੀ ਖੱਟੇ ਰੰਗ ਦੀ ਘਗਰੀ ਪਾਈ ਹੁੰਦੀ ਤੇ ਕੁੜਤੀ ਦੀ ਥਾਂ ਇਕ ਜਾਕਟ ਵਰਗੀ ਝਗੀ। ਸਿਰ ਉਤੇ ਸੂਭਰ ਜਿਹਾ ਲਿਆ ਹੁੰਦਾ ਤੇ ਮੱਥੇ ਉਤੇ ਇਕ ਘੁੰਡ ਵਰਗਾ ਨਿੱਕਾ ਜਿਹਾ ਕੋਈ ਗਹਿਣਾ, ਜੀਹਨੂੰ ਵੇਖ ਕੇ ਬਿਸ਼ਨੇ ਹੋਰਾਂ ਨੇ ਉਹਦਾ ਨਾਂ 'ਘੁੰਡ-ਵਾਲੀ' ਧਰ ਲਿਆ ਸੀ। ਤੱਕੜੀ ਦੇ ਪੁਰਾਣੇ ਪਾਲੜੇ ਵਿਚ ਮੁੱਠ ਕੁ ਦਾਣੇ ਪਾ ਕੇ ਉਹ ਉਨ੍ਹਾਂ ਵਿਚੋਂ ਰੋੜ ਚੁਗਦੀ ਰਹਿੰਦੀ ਤੇ ਨਾਲੇ ਆਪ-ਮੁਹਾਰੀ ਈ ਬੋਲੀ ਜਾਂਦੀ। ਖੱਚਰੀ ਜੱਟ ਉਹਦੇ ਆਸੀਂ-ਪਾਸੀਂ ਆ ਕੇ ਬਹਿ ਜਾਂਦੇ ਤੇ ਮਖ਼ੌਲ ਕਰਦੇ ਰਹਿੰਦੇ। ਉਹ ਕਿਸੇ ਗੱਲ ਨੂੰ ਸਮਝੇ ਬਿਨਾਂ, ਆਪਣੇ ਦੇਸ਼ ਦੇ ਨਗੌਰੀ ਵਹਿੜਕੇ ਵਰਗੀਆਂ ਅੱਖਾਂ ਮਟਕਾਂਦੀ ਹੱਸੀ ਜਾਂਦੀ, ਬੋਲੀ ਜਾਂਦੀ। ਉਹਦਾ, ਇਹ 'ਛਿੱਬੂ-ਚੌਧਰੀ', ਨਿਆਣਿਆਂ ਨਾਲ ਰੂੰਗਾ ਦੇਣ ਪਿਛੇ ਲੜਦਾ ਰਹਿੰਦਾ। ਜਦੋਂ ਕੋਈ ਨਿਆਣਾ ਉਹਤੋਂ ਵਿਹਰ ਕੇ ਦੋ ਚਾਰ ਪਤਾਸੇ ਜਾਂ ਮਖਾਣਿਆਂ ਦੀ ਮੁੱਠ ਭਰ ਕੇ ਭਜ ਜਾਂਦਾ ਤਾਂ ਛਿੱਬੂ ਇਕ ਹੱਥ ਨਾਲ ਢਿਲਕੀ ਕੱਛ ਦਾ ਨਾਲਾ ਬੋਚਦਾ, ਕਚੀਚੀ ਵੱਟ ਕੇ ਉਹਦੇ ਮਗਰ ਭੱਜਦਾ, ਪਰ ਉਹਦੀ ਮਾਂ "ਰੇ ਛਿਬੂਆ ਰੇ-ਰੇ ਛਿਬੂਆ" ਕਰ ਕੇ ਉਹਨੂੰ ਮੋੜ ਲੈਂਦੀ ਤੇ ਛਿਬੂਆ ਘਿਰ-ਘਿਰ ਕਰਦਾ ਮੁੜ ਆਪਣੀ ਤਪੜੀ ਉਤੇ ਜਾ ਬਹਿੰਦਾ।

ਬਿਸ਼ਨਾ ਪੰਦਰਾਂ ਕੁ ਵਰ੍ਹਿਆਂ ਦਾ ਹੋਵੇਗਾ ਜਦੋਂ ਛਿਬੂ ਕਿਆਂ ਨੇ ਉਹਦੇ ਤਾਏ ਦੇ ਪਿੰਡੋਂ ਹੱਟੀ ਚੁਕ ਕੇ; ਮੰਡੀ ਆ ਪਈ। ਫੇਰ ਬਿਸ਼ਨੇ ਨੂੰ ਓਦੋਂ ਈ ਪਤਾ ਲਗਿਆ ਜਦੋਂ 'ਛਿੱਬਾ' ਸ਼ਿਵ ਰਾਮ ਚੌਧਰੀ ਬਣ ਗਿਆ।

ਤੀਜੇ ਚੌਧਰੀ ਬਮਣ ਮੱਲ ਬਾਰੇ ਜਾਣਦਾ ਉਹ ਬਹੁਤ ਕੁਝ ਸੀ, ਪਰ ਏਡੀਆਂ ਘਿਨਾਉਣੀਆਂ ਗੱਲਾਂ ਉਹਨੂੰ, ਚੇਤੇ ਕਰਦਿਆਂ ਵੀ ਜਿਵੇਂ ਘੇਰ ਚੜ੍ਹਦੀ ਸੀ। ਇਹ ਜਿਹੜਾ 'ਵੱਡਾ-ਪਤਵੰਤਾ', ਲੰਮੇ ਟੋਰੇ ਵਾਲੀ ਕੇਸਰੀ ਪੱਗ ਬੰਨ੍ਹੀਂ, ਮੂੰਹ ਅਗੇ ਆਪਣਾ ਕੁਦੱਬਾ ਤੇ ਵੱਡਾ ਸਾਰਾ ਹੱਥ ਦੇ ਕੇ ਬਿੰਦੇ ਝੱਟੇ, ਮੂੰਹ-ਮੀਚ ਕੇ ਖੰਘ ਰੋਕਣ ਦਾ ਯਤਨ ਕਰਦਾ ਸੀ, ਬਿਸ਼ਨੇ ਨੂੰ ਬੰਦਾ ਨਹੀਂ ਸੀ ਜਾਪ ਰਿਹਾ। ਮੰਡੀਓਂ ਦਸ ਕੋਹ ਵਾਟ ਇਹਦਾ ਪਿੰਡ ਸੀ ਜਿਥੇ, ਵੀਹ ਵਰ੍ਹੇ ਹੋਏ ਇਹਨੇ ਆਪਣੇ ਸਕੇ ਚਾਚੇ ਤੇ ਪਿਓ ਦੋਹਾਂ ਨੂੰ ਜ਼ਹਿਰ ਦੇ ਕੇ ਮਰਵਾ ਦਿਤਾ ਸੀ ਤੇ ਉਨ੍ਹਾਂ ਤੋਂ ਮਗਰੋਂ, ਦੋਹਾਂ ਘਰਾਂ ਵਿਚ ਇਹੋ ਇਕ ਵਾਰਿਸ ਹੋਣ

...ਪਹਿਲਾਂ ਚਾਚੀ ਕੋਲੋਂ ਹੇਰਾ-ਫੇਰੀ ਨਾਲ ਜੈਦਾਤ ਮੁੱਛੀ ਤੇ ਪਿੱਛੋਂ ਲੋਕਾਂ ਦਾ ਗੋਹਾ-ਕੂੜਾ ਕਰਨ ਜੋਗੀ ਕਰਕੇ, ਪੁਰਾਣੇ ਖੋਲੇ ਵਿੱਚ, ਕੁੱਤੇ ਦੀ ਮੌਤ ਮਰਨ ਲਈ ਛੱਡ ਆਇਆ ਸੀ। ਉਹਦੀਆਂ ਤਿੰਨੇ ਧੀਆਂ ਨੂੰ ਪੈਸੇ ਲੈ ਕੇ ਮੰਗ-ਖਾਣਿਆਂ ਦੇ ਘਰੀਂ ਧੱਕਾ ਦੇ ਆਇਆ ਸੀ...

ਕਰ ਕੇ, ਸਾਰੀ ਜੈਦਾਤ ਆਪ ਸਾਂਭ ਲਈ ਸੀ। ਕੁਝ ਚਿਰ ਪਿਛੋਂ ਵੇਚ-ਵੱਟ ਕੇ ਮੰਡੀ ਆ ਕੇ ਰੂੰ-ਵੇਲਣੀਆਂ ਦਾ ਕਾਰਖ਼ਾਨਾ ਲਾ ਲਿਆ ਸੀ ਤੇ ਹੌਲੀ ਹੌਲੀ, ਮੰਡੀ ਦਾ ਸਿਰ-ਕੱਢ ਧਨਾਢ ਬਣ ਗਿਆ ਸੀ। ਆਪਣੀ ਚਾਚੀ ਤੇ ਉਹਦੀਆਂ ਤਿੰਨ ਧੀਆਂ ਨੂੰ ਇਹਨੇ ਏਡੀ ਬੁਰੀ ਤਰ੍ਹਾਂ ਰੋਲਿਆ ਸੀ ਕਿ ਇਹਦੇ ਪਿੰਡ ਦੇ ਲੋਕ ਤ੍ਰਾਹ-ਤ੍ਰਾਹ ਕਰ ਉਠੇ ਸਨ। ਪਹਿਲਾਂ ਚਾਚੀ ਕੋਲੋਂ ਹੇਰਾ-ਫੇਰੀ ਨਾਲ ਜੈਦਾਤ ਮੁੱਛੀ ਤੇ ਪਿਛੋਂ ਉਹਨੂੰ ਲੋਕਾਂ ਦਾ ਗੋਹਾ-ਕੂੜਾ ਕਰਨ ਜੋਗੀ ਕਰ ਕੇ, ਪੁਰਾਣੇ ਖੋਲੇ ਵਿਚ, ਕੁੱਤੇ ਦੀ ਮੌਤ ਮਰਨ ਲਈ ਛਡ ਆਇਆ ਸੀ। ਉਹਦੀਆਂ ਤਿੰਨੇ ਧੀਆਂ ਨੂੰ ਪੈਸੇ ਲੈ ਕੇ ਮੰਗ-ਖਾਣਿਆਂ ਦੇ ਘਰੀਂ ਧੱਕਾ ਦੇ ਆਇਆ ਸੀ।

"ਚੌਧਰੀ!" ਬਿਸ਼ਨ ਨੇ ਘਿਰਣਾ ਭਰੀ, ਘਗੀ ਆਵਾਜ਼ ਵਿਚ ਆਖਿਆ ਤੇ ਉਹਨੂੰ ਆਪਣੇ ਮੂੰਹ ਦਾ ਸੁਆਦ ਕੁਸੈਲਾ ਹੋਇਆ ਲਗਿਆ।

ਅਗਾਂਹ ਹੋ ਕੇ ਬਿਸ਼ਨਾ, ਇਕ ਇੱਟ ਉਤੇ ਬਹਿ ਗਿਆ। ਉਹਦੇ ਪਾਸੀਂ ਖੜੋਤੇ ਬੰਦਿਆਂ ਨੇ ਕਿੰਜ ਉਸ ਵਲ ਹੈਰਾਨੀ ਜਿਹੀ ਨਾਲ ਤੱਕਿਆ ਸੀ, ਬਿਸ਼ਨੇ ਨੂੰ ਇਹਦਾ ਕੋਈ ਧਿਆਨ ਨਹੀਂ ਸੀ; ਉਹ ਅਜੇ ਵੀ ਤਾੜਵੀਂ ਨਿਗਾਹ ਉਰੇ ਥੜ੍ਹੇ ਵਲ ਝਾਕ ਰਿਹਾ ਸੀ।

ਕੁਰਸੀਆਂ ਦੀ ਪਿਛਲੀ ਪਾਲ ਤੋਂ ਮਗਰ ਠਾਣੇਦਾਰਾਂ ਵਾਲੀ ਵਰਦੀ ਪਾਈ ਦੋ ਬੜੇ ਨਰੋਏ ਪਲਸੀਏ ਪੱਥਰ ਦੇ ਬੁੱਤਾਂ ਵਾਂਗ ਸਿਧਣ-ਸਿਧੇ ਖੜੋਤੇ ਥੜ੍ਹੇ ਦੇ ਪਿਛਲੇ ਪਾਸੇ, ਹੇਠਾਂ ਵੀ ਪੁਲਿਸ ਦੇ ਕਿੰਨੇ ਸਪਾਹੀ ਓਵੇਂ ਸਿਧੇ ਖੜੋਤੇ ਸਨ, ਪਰ ਠਾਣੇਦਾਰ ਏਧਰ-ਓਧਰ, ਨਸਿਆ ਫਿਰਦਾ ਸੀ। ਉਹ ਕਦੇ ਮਗਰਲੇ ਸਪਾਹੀਆਂ ਵਲ ਭਜਦਾ ਤੇ ਕਦੇ ਦਰਬਾਰ ਦੇ ਸਾਹਮਣੇ ਖੜੋਤੀਆਂ ਮੋਟਰਾਂ ਵਲ। ਕਿਸੇ ਸਪਾਹੀ ਨੂੰ ਘੂਰਦਾ, ਕਿਸੇ ਨੂੰ ਇਕ ਥਾਓਂ ਹਿਲ ਕੇ ਦੂਜੇ ਪਾਸੇ ਜਾਣ ਲਈ ਆਖਦਾ, ਔਂਝਿਆ ਫਿਰਦਾ ਸੀ। ਉਹਨੂੰ ਇਉਂ ਫੇਰੀਆਂ ਪਾਉਂਦਾ ਵੇਖ ਕੇ ਬਿਸ਼ਨੇ ਨੂੰ ਹਾਸੀ ਆ ਗਈ।

ਬਿੰਦ ਕੁ ਮਗਰੋਂ ਪਿਛਲੀਆਂ ਕੁਰਸੀਆਂ ਦੇ ਵਿਚਕਾਰੋਂ ਇਕ ਚਿੱਟੀ ਵਰਦੀ ਵਾਲਾ ਬੰਦਾ ਉਠਿਆ, ਤੇ ਵਡੇ ਵਜ਼ੀਰ ਦੀ ਕੁਰਸੀ ਕੋਲ ਆ ਕੇ ਝੁਕਦਿਆਂ ਉਹਨੇ ਵਜ਼ੀਰ ਨਾਲ ਕੋਈ ਗੱਲ ਕੀਤੀ, ਚਾਰੇ ਪਾਸੇ, ਇਕ-ਦਮ ਚੁੱਪ ਛਾ ਗਈ।

ਉਹ ਬੰਦਾ ਮੁੜ ਕੇ ਪੁਠ-ਪੈਰਾ ਈ, ਕੁੱਬਾ-ਕੁੱਬਾ ਪਿਛਾਂਹ ਮੁੜਿਆ ਤੇ ਉਹਦੇ ਕੁਰਸੀ ਤੇ ਬੈਠਦਿਆਂ ਈ ਮਧਰੇ ਕੱਦ ਦਾ ਗੋਲ-ਮੋਲ ਅਫ਼ਸਰੇ-ਮੰਡੀ ਆ ਕੇ ਵਡੇ ਵਜ਼ੀਰ ਦੀ ਕੁਰਸੀ ਦੇ ਬਰਾਬਰ ਖੜੋ ਗਿਆ। ਪਹਿਲਾਂ ਉਹ ਵਜ਼ੀਰ ਵਲ ਟੇਢਾ ਜਿਹ ਕਰਦਿਆਂ ਪਹਿਲੇ ਬੰਦੇ ਵਾਂਗ ਈ ਦੂਹਰਾ ਹੋ ਕੇ ਝੁਕਿਆ ਤੇ ਛੇਤੀ ਦੇਣੇ ਸਿੱਧਾ ਹੋ ਗਿਆ। ਪਰ ਹੁਣ ਸਿੱਧਾ ਖੜੋਤਿਆਂ ਵੀ ਉਹਦੀ ਧੌਣ ਟੇਢੀ ਹੋਈ ਲਗਦੀ ਸੀ। ਢਿਡ ਉਤੇ ਹੇਠ-ਉਤੇ ਹੱਥ ਰਖੀਂ ਇੰਜ ਖੜੋਤਾ ਉਹ 'ਨਹਿਰ ਦੇ ਮੀਲ' ਵਰਗਾ ਲਗਦਾ ਸੀ।

"ਕੋਈ ਫ਼ਰਿਆਦੀ!" ਆਪਣੀ ਮਧਰੀ ਬਾਂਹ ਉਤਾਂਹ ਉਲਾਰ ਕੇ ਉਹਨੇ ਉਚੀ ਸਾਰੀ, ਕਚਹਿਰੀ ਵਿਚ ਹੋਕਰੇ ਮਾਰਨ ਵਾਲੇ ਚਪੜਾਸੀਆਂ ਵਰਗੀ

ਆਵਾਜ਼ ਵਿਚ ਆਖਿਆ ਤੇ ਓਦੋਂ ਈ ਥੜ੍ਹੇ ਦੇ ਕੋਲੇ ਬੈਠੇ ਬੰਦਿਆਂ ਵਿਚੋਂ, ਇਕ ਬੁੱਢੀ, ਡੰਗੋਰੀ ਲੈ ਕੇ ਖੜ੍ਹੀ ਹੋ ਗਈ।

ਬੁੱਢੀ ਦਾ ਸਿਰ ਕੰਬ ਰਿਹਾ ਸੀ, ਡੰਗੋਰੀ ਵੀ ਕੰਬ ਰਹੀ ਸੀ ਤੇ ਉਹਦੀ ਆਵਾਜ਼ ਏਨੀਂ ਧੀਮੀ ਸੀ ਕਿ ਅਫ਼ਸਰੇ-ਮੰਡੀ ਨੂੰ ਸਾਫ਼ ਨਹੀਂ ਸੀ ਸੁਣਦੀ। ਵਡੇ ਵਜ਼ੀਰ ਨੇ ਵੀ ਸ਼ਾਹੀ ਕੁਰਸੀ ਦੀ, ਚਾਂਦੀ ਦੇ ਚਿਤ੍ਰ-ਮਿਤ੍ਰੇ ਪੱਤਰੇ ਵਾਲੀ ਢੋਅ ਨਾਲੋਂ ਨਖੇੜ ਕੇ ਸਿਰ ਰਤਾ ਅਗਾਂਹ ਨੂੰ ਕੀਤਾ ਤੇ ਅਫ਼ਸਰੇ-ਮੰਡੀ ਵਲ ਝਾਕ ਕੇ ਹੌਲੀ ਦੇਣੇ ਕੁਝ ਆਖਿਆ। ਅਫ਼ਸਰੇ-ਮੰਡੀ ਨੇ ਉਚੀ ਆਵਾਜ਼ ਵਿਚ ਬੁੱਢੀ ਨੂੰ ਕਿਹਾ, "ਮਾਈ ਉਚੀ ਬੋਲ।"

ਪਰ ਬੁੱਢੀ ਓਵੇਂ ਹੌਲੀ ਹੌਲੀ ਬੋਲਦੀ ਰਹੀ। ਅਫ਼ਸਰੇ-ਮੰਡੀ ਨੇ ਪਿਛਲੀਆਂ ਕੁਰਸੀਆਂ ਵਲ ਸੈਣਤ ਕੀਤੀ ਤੇ ਇਕ ਲੰਮੇ ਚਿਟੇ ਕੋਟ ਵਾਲਾ ਮੁਨਸ਼ੀ ਹੱਥ ਵਿਚ ਕਿੰਨੇ ਸਾਰੇ ਕਾਗਜ਼ ਫੜੀ, ਕੋਡਾ ਕੋਡਾ ਤੁਰਦਾ ਉਹਦੇ ਬਰਾਬਰ ਆ ਖੜੋਤਾ ਤੇ ਨਾਲ ਦੀ ਨਾਲ ਇਕ ਕਾਗਜ਼ ਉਤੇ ਕੁਝ ਲਿਖਣ ਲਗ ਪਿਆ। ਉਹ ਇੰਜ ਕੋਡਾ ਜਿਹਾ ਹੋ ਕੇ ਲਿਖਦਾ ਤੇ ਬਿੰਦੇ ਬਿੰਦੇ ਆਪਣੀ ਨੱਕ ਤੋਂ ਢਿਲਕਦੀ ਐਨਕ ਨੂੰ ਬੋਚਦਾ ਬਿਸ਼ਨੇ ਨੂੰ, ਪੁਤਲੀਆਂ ਦੇ ਤਮਾਸ਼ੇ ਵਿਚਲੇ 'ਪਾਟੇ-ਖ਼ਾਂ' ਵਰਗਾ ਲਗਿਆ।

ਬੁੱਢੀ ਨੇ ਇਕ ਵਾਰੀ ਪਿਛਾਂਹ ਮੁੜ ਕੇ ਵੇਖਿਆ ਤੇ ਆਪਣੀ ਸਲਾਰੀ ਸੂਤ ਕਰਨ ਲਗ ਪਈ। ਬਿਸ਼ਨਾ ਫੁਰਤੀ ਨਾਲ ਉਠਿਆ ਤੇ ਨਮਦੇ ਦੇ ਮਿਰਚ-ਰੰਗੇ ਗ਼ਲੀਚੇ ਵਲ ਤੁਰ ਪਿਆ। ਸਿੱਧਾ ਪਿੱਠ-ਪਿਛੇ ਹੱਥ ਕਰੀਂ, ਸਾਹਮਣੇ ਵਡੇ ਵਜ਼ੀਰ ਵਲ ਝਾਕਦਾ ਉਹ ਗ਼ਲੀਚੇ ਉਤੇ ਤੁਰਿਆ ਗਿਆ। 'ਦਰਬਾਰ' ਵਾਲੇ ਥੜ੍ਹੇ ਤੋਂ ਪੰਜ ਕੁ ਕਰਮਾਂ ਉਰੇ, ਸੱਜੇ ਪਾਸਿਓਂ ਉਹਨੇ ਇਕ ਦਬਵੀਂ ਆਵਾਜ਼ ਸੁਣੀਂ, "ਹੱਥ ਤਾਂ ਜੋੜ ਲੈ, ਵਡਿਆ ਰੰਗੜਾ!" ਤੇ ਉਹਨੇ ਇਕ ਦਮ ਭਉਂ ਕੇ ਕਹਿਰੀ ਅੱਖਾਂ ਨਾਲ ਜਿਧਰੋਂ ਆਵਾਜ਼ ਆਈ ਸੀ ਓਧਰ ਤੱਕਿਆ, ਪਰ ਬੋਲਣ ਵਾਲੇ ਦਾ ਪਤਾ ਨਾ ਲਗਿਆ। ਉਹ ਓਵੇਂ ਪਿੱਠ ਪਿਛੇ ਹੱਥ ਕਰੀਂ ਰਤਾ ਕੁੱਬਾ ਹੋਇਆ ਤੁਰਿਆ ਗਿਆ। ਉਹਦੇ ਥੜ੍ਹੇ ਕੋਲ ਅਪੜਨ ਤੋਂ ਪਹਿਲਾਂ ਬੁਢੀ ਬਹਿ ਗਈ ਸੀ। ਥੜ੍ਹੇ ਤੋਂ ਦੋ ਕੁ ਗਜ਼ ਉਰੇ ਖੜੋ ਕੇ ਬਿਸ਼ਨੇ ਨੇ ਦੋਵੇਂ ਹੱਥ ਹਿੱਕੋਂ ਉਤਾਂਹ ਕਰ ਕੇ ਕੁਢੱਬੇ ਜਿਹੇ ਢੰਗ ਨਾਲ ਜੋੜਦਿਆਂ, ਆਪਣੇ ਚਿਹਰੇ ਉਤੇ ਇਕ ਅਜੀਬ ਵਿਅੰਗਮਈ ਮੁਸਕਾਨ ਲਿਆਂਦੀ ਤੇ ਵਡੇ ਵਜ਼ੀਰ ਦੀਆਂ ਅੱਖਾਂ ਵਿਚ ਆਪਣੀਆਂ ਬਾਜ਼ ਵਰਗੀਆਂ ਤਿੱਖੀਆਂ ਅੱਖਾਂ ਨਾਲ ਸਿੱਧਾ ਝਾਕਿਆ। ਵਜ਼ੀਰ ਨੇ ਬੇਆਰਾਮੀ ਜਿਹੀ ਨਾਲ ਸਿਰ ਫੇਰਦਿਆਂ ਪਹਿਲਾਂ ਖੱਬੇ ਪਾਸੇ ਬੈਠੇ, ਚੜ੍ਹਾਈ-ਦਾਹੜੀ ਵਾਲੇ ਬੰਦੇ ਵਲ ਰਤਾ ਕੁ ਸਿਰ ਭੰਵਾਇਆ ਤੇ ਫੇਰ ਅਫ਼ਸਰੇ-ਮੰਡੀ ਵਲ ਇਉਂ ਤੱਕਿਆ ਜਿਵੇਂ ਉਹਨੂੰ ਅੱਖਾਂ ਨਾਲ ਪੁੱਛ ਰਿਹਾ ਹੋਵੇ — "ਇਹ ਕੀ ?" — ਕੌਣ ਹੈ ਇਹ ?"

ਬਿਸ਼ਨਾ ਬਿੰਦ ਕੁ ਓਵੇਂ ਖੜੋਤਾ ਰਿਹਾ ਤੇ ਫੇਰ ਬੋਲਿਆ, "ਹਜ਼ੂਰ ਅਰਜ਼ ਕਰਨ ਦੀ ਅੰਜਾਜ਼ਤ ਐ ?"

"ਬੋਲ, ਬੋਲ, ਛੇਤੀ ਬੋਲ।" ਅਫ਼ਸਰੇ-ਮੰਡੀ ਨੇ ਜਿਵੇਂ ਘਾਬਰੀ ਤੇ ਥਿੜਕਵੀਂ ਆਵਾਜ਼ ਵਿਚ ਕਿਹਾ।

ਇਕ ਵਾਰ ਬਿਸ਼ਨੇ ਨੇ ਅਫ਼ਸਰੇ-ਮੰਡੀ ਵਲ ਘੂਰ ਕੇ ਵੇਖਿਆ ਤੇ ਫੇਰ ਵਡੇ ਵਜ਼ੀਰ ਦੀਆਂ ਅੱਖਾਂ ਵਿਚ, ਪਹਿਲਾਂ ਵਾਂਗ ਝਾਕਦਿਆਂ ਨਰੋਈ ਆਵਾਜ਼ ਵਿਚ ਬੋਲਿਆ, "ਥੋਡੇ ਰਾਜ ਵਿਚ ਕਿਤੇ ਕੋਈ ਅਨਸਾਫ਼ ਹੈ ?"

ਵਡੇ ਵਜ਼ੀਰ ਨੇ ਬੇਮਲੂਮੀ ਘੂਰੀ ਵੱਟੀ ਤੇ ਬਿਸ਼ਨੇ ਵਲੋਂ ਨਿਗਾਹ ਹਟਾ ਕੇ ਅਫ਼ਸਰੇ-ਮੰਡੀ ਵਲ ਤਾੜਿਆ।

> "ਜੇ ਕੋਈ ਅਨਸਾਫ਼ ਮੰਗੇ ਜਾਂ ਧੱਕੇਸ਼ਾਹੀ ਦੀ ਫਰਿਆਦ ਕਰੇ ਤਾਂ ਉਹ 'ਐਵੇਂ' ਬੋਲਦੈ... ਥੋਡੀ 'ਸਿਆਣੀ ਰਜਤ' ਤਾਂ ਫੇਰ ਉਹੋ ਹੋਈ ਜਿਹੜੀ ਚੁੱਪ ਕਰ ਕੇ ਝੁੱਗਾ ਲਟਾ-ਲੇ, ਆਵਦਾ ਘਰ-ਘਾਟ ਢੁਹਾ ਲੇ ...."

"ਤੂੰ ਅਰਜ਼ ਕਰ, ਅਰਜ਼ ਕਰ ਸਿਧੀ — ਐਵੇਂ ਨਾ ਬੋਲ......" ਘਪਲੀ ਅਵਾਜ਼ ਵਿਚ ਬੋਲਦਿਆਂ ਅਫ਼ਸਰੇ-ਮੰਡੀ ਦੀਆਂ ਉਂਗਲਾਂ ਵੀ ਕੰਬਦੀਆਂ ਬਿਸ਼ਨੇ ਨੂੰ ਦਿਸੀਆਂ।

"ਹੱਛਾ!" ਬਿਸ਼ਨਾ, ਉਹਦੀਆਂ ਕੰਬਦੀਆਂ ਉਂਗਲਾਂ ਵਲ ਝਾਕ ਕੇ, ਉਹਦੇ ਵਲ ਸਿੱਧਾ ਤੱਕਦਿਆਂ ਬੋਲਿਆ, "ਜੇ ਕੋਈ ਅਨਸਾਫ਼ ਮੰਗੇ ਜਾਂ ਧੱਕੇਸ਼ਾਹੀ ਦੀ ਫਰਿਆਦ ਕਰੇ ਤਾਂ ਉਹ 'ਐਵੇਂ' ਬੋਲਦੈ!..... ਥੋਡੀ 'ਸਿਆਣੀ ਰਜਤ' ਤਾਂ ਫੇਰ ਓਹੋ ਹੋਈ ਜਿਹੜੀ ਚੁੱਪ ਕਰ ਕੇ ਝੁੱਗਾ ਲਟਾ-ਲੇ, ਆਵਦਾ ਘਰ-ਘਾਟ ਢੁਹਾ ਲੇ ....."

"ਇਹ ਹਜ਼ੂਰ-ਪਾਸ਼ਾ ਦੀ ਅਦਾਲਤ ਐ, ਸੋਚ ਕੇ ਬੋਲ......ਜੇ ਏਥੇ ਅਨਸਾਫ਼ ਨਹੀਂ ਹੁੰਦਾ ਤਾਂ ਸੱਚੀ-ਦਰਗਾਹ ਵਿਚ ਵੀ ਨਹੀਂ ਹੋ ਸਕਦਾ...... ਸਮਝਿਆ ?!" ਨਾਲ ਦੀ ਨਾਲ, ਇਕ ਬਿੰਦ ਅਫ਼ਸਰੇ-ਮੰਡੀ ਦੀ ਕਾਂ-ਅੱਖ ਨੇ ਪੜਦਾ ਬਦਲਿਆ ਤੇ ਉਹ ਵਜ਼ੀਰ ਵਲ ਕੁਣਖਾ ਝਾਕ ਕੇ ਫੇਰ ਕ੍ਰੋਧ ਨਾਲ ਬਿਸ਼ਨੇ ਵਲ ਤੱਕਦਿਆਂ ਬੋਲਿਆ, "ਤੂੰ ਸਿੱਧੀ ਅਰਜ਼ ਕਰ — ਅਰਜ਼......"

ਬਿਸ਼ਨੇ ਨੇ ਪਹਿਲਾਂ ਅਫ਼ਸਰੇ-ਮੰਡੀ ਦੇ ਤੋਰ ਤਾੜੇ ਤੇ ਫੇਰ ਜੋੜੇ ਹੱਥ, ਹਿੱਕ ਤੋਂ ਹੇਠਾਂ ਕਰ ਕੇ, ਹੇਠ-ਉਤੇ ਧਰਦਿਆਂ, ਵਜ਼ੀਰ ਵਲ ਤੱਕ ਕੇ ਵਿਅੰਗ ਨਾਲ ਬੋਲਿਆ, "ਹਜ਼ੂਰ, ਮਾਈ-ਬਾਪ, ਇਨ੍ਹਾਂ ਦੇ ਹੁਕਮ ਨਾਲ, ਸਾਡਾ ਰਿਸ਼ਟਰੀ ਕਰਾਇਆ ਘਰ ਜਬਰਨ ਪੁਲਸ ਦੇ ਦਖਲ ਨਾਲ ਖੋਹਿਆ ਗਿਐ — ਓਸ ਘਰ ਦੀ ਇਨ੍ਹਾਂ ਨੇ ਈ ਆਵਦੇ ਹੱਥੀਂ ਰਿਸ਼ਟਰੀ ਕੀਤੀ ਸੀ ..... 'ਹਜ਼ੂਰ ਪਾਸ਼ਾ' ਦੇ ਰਾਜ ਦਾ ਏਹੋ ਅਨਸਾਫ਼ ਐ, ਜਿਸ ਨੂੰ ਅਫ਼ਸਰੇ-ਮੰਡੀ ਸੱਚੀ-ਦਰਗਾਹ ਦਾ ਅਨਸਾਫ਼ ਕਹਿੰਦੇ ਐ ?"

'ਇਨ੍ਹਾਂ' ਤੇ 'ਅਫ਼ਸਰੇ-ਮੰਡੀ' ਸ਼ਬਦ ਬੋਲਦਿਆਂ ਬਿਸ਼ਨੇ ਨੇ ਅਫ਼ਸਰੇ-ਮੰਡੀ ਵਲ ਇਉਂ ਸਿਰ ਦੀ ਸੈਣਤ ਕੀਤੀ ਜਿਵੇਂ ਦੋ ਲੜੇ ਹੋਇਆਂ ਨਿਆਣਿਆਂ ਵਿਚੋਂ, ਤਕੜਾ ਮਾੜੇ ਨੂੰ ਕੁੱਟਣ ਪਿਛੋਂ, ਛੇੜ ਕੇ ਚਿੜਾਉਂਦਾ ਹੋਵੇ। ਅਫ਼ਸਰੇ-ਮੰਡੀ ਵਿਚੇ-ਵਿਚ ਨਿਉਲੀਆਂ ਵੱਟੀ ਗਿਆ। ਅਖ਼ੀਰਲੀ ਗੱਲ ਕਹਿੰਦਿਆਂ ਜਦੋਂ ਬਿਸ਼ਨੇ ਨੇ ਮੁੜ ਪਹਿਲਾਂ ਵਾਂਗ ਈ ਕਸੂਤੇ ਜਿਹੇ ਹੱਥ ਜੋੜੇ ਤਾਂ ਵਡੇ ਵਜ਼ੀਰ ਨੂੰ ਵੀ ਔਖਵੀ ਮਹਿਸੂਸ ਹੋਈ। ਉਸ ਆਪਣੀ ਸਾਫ਼, ਭਰਵੀਂ ਆਵਾਜ਼ ਵਿਚ ਆਖਿਆ, "ਤੂੰ ਬਈ ਸਾਫ਼ ਗੱਲ ਦਸ ਤੇਰੇ ਨਾਲ ਐਸੀ ਕਿਆ ਬੇਇਨਸਾਫ਼ੀ ਹੋਈ ਹੈ।"

ਪਰ ਬਿਸ਼ਨੇ ਦੇ ਬੋਲਣ ਤੋਂ ਪਹਿਲਾਂ ਅਫ਼ਸਰੇ-ਮੰਡੀ ਦੋਏ ਹੱਥ ਆਪਣੇ ਵਧੇ ਢਿਡ ਤੋਂ ਹੇਠਾਂ ਜੋੜ ਕੇ ਵਜ਼ੀਰ ਵਲ ਕੋਡਾ ਹੁੰਦਿਆਂ, ਕਿਸੇ ਹੋਰ ਬੋਲੀ ਵਿਚ, ਜੋ ਬਿਸ਼ਨੇ ਨੂੰ ਸਮਝ ਨਹੀਂ ਸੀ ਆ ਰਹੀ, ਬਿੰਦ ਕੁ ਕੁਝ ਦਸਦਾ ਰਿਹਾ ਤੇ ਵਜ਼ੀਰ ਹੌਲੀ ਹੌਲੀ ਸਿਰ ਹਿਲਾਂਦਾ ਰਿਹਾ; ਬਿਸ਼ਨਾ ਉਨ੍ਹਾਂ ਦੇ ਚਿਹਰਿਆਂ ਦੇ ਉਤਰਾ-ਚੜ੍ਹਾ ਤੜਦਾ ਰਿਹਾ; ਲੋਕ ਛਾਈਂ-ਮਾਈਂ ਹੋਏ 'ਪਰਸੋਂ ਵਾਲੇ'

ਬਿਸ਼ਨੇ ਦੇ ਕੌਤਕ ਵੇਖਣ ਲਈ, ਸਾਹ-ਘੁਟੀਂ, ਕਿਸੇ ਅਸਾਧਾਰਨ ਗੱਲ ਵਾਪਰਨ ਦੀ ਉਡੀਕ ਕਰਦੇ ਰਹੇ।

"ਤੂੰ ਬਈ ਅਦਾਲਤ ਵਿਚ ਲਿਖਤੀ ਦਰਖ਼ਾਸਤ ਦੇਈਂ, ਗ਼ੌਰ ਕੀਤੀ ਜਾਏਗੀ।" ਵਡੇ ਵਜ਼ੀਰ ਨੇ, ਅਫਸਰੇ-ਮੰਡੀ ਦੀ ਗੱਲ ਸੁਣਨ ਮਗਰੋਂ ਆਖਿਆ।

"ਕਿਹੜੀ ਅਦਾਲਤ ਵਿਚ ਹਜ਼ੂਰ ?"

"ਅਫ਼ਸਰੇ-ਮੰਡੀ ਦੀ ਅਦਾਲਤ ਵਿਚ।"

ਬਿਸ਼ਨੇ ਦੇ ਚਿਹਰੇ ਉਤੇ ਕਿੱਕਰ ਦੇ ਪੌਰੇ ਉਤੇ ਛੁੱਟੀ ਗੰਦ ਵਰਗੀ ਕਦਰਾਈ ਸੀ, ਪਰ ਉਹਦੀਆਂ ਚਮਕਦੀਆਂ ਅੱਖਾਂ ਵਿਚ ਕੁਝ ਅਜੇਹਾ ਪ੍ਰਭਾਵ ਸੀ ਜਿਸ ਨਾਲ ਵਡੇ ਵਜ਼ੀਰ ਨੂੰ ਅਕਾ ਜਿਹਾ ਹੋਣ ਲਗ ਪਿਆ।

"ਜੇ ਏਸ ਅਦਾਲਤ ਵਿਚ ਅਨਸਾਫ਼ ਹੁੰਦਾ ਤਾਂ ਮੈਂ 'ਹਜ਼ੂਰ' ਅਗੇ ਕਿਉਂ 'ਫ਼ਰਿਆਦ' ਕਰਨ ਆਉਂਦਾ ?" ਬਿਸ਼ਨੇ ਨੇ ਫੇਰ 'ਹਜ਼ੂਰ' ਤੇ 'ਫ਼ਰਿਆਦੀ' ਸ਼ਬਦ ਆਪਣੀ ਕੁਰੱਖ਼ਤ ਅਵਾਜ਼ ਨਾਲ, ਇੰਜ ਨਖੇੜ ਕੇ ਬੋਲੇ ਕਿ ਵਜ਼ੀਰ ਦੀਆਂ ਗੋਰੀਆਂ ਗੱਲ੍ਹਾਂ ਰਤਾ ਕੁ ਸੂਹੀਆਂ ਹੋ ਗਈਆਂ ਤੇ ਉਹ ਸਥਿਰ, ਭਰਵੀਂ ਆਵਾਜ਼ ਵਿਚ ਰਤਾ ਉੱਚੀ ਬੋਲਿਆ, "ਤੇਰੇ ਨਾਲ ਏਸ ਅਦਾਲਤ ਵਿਚੋਂ ਐਸੀ ਕਿਆ ਅਲੋਕਾਰ ਬੇਇਨਸਾਫ਼ੀ ਹੋਈ ਹੈ ?"

"ਅਜੇ ਕਿਸੇ ਹੋਰ ਏਦੂੰ ਵਡੀ ਬੇਅਨਸਾਫ਼ੀ ਦੀ ਵੀ ਕਸਰ ਰਹਿਗੀ 'ਹਜ਼ੂਰ' ?" ਬਿਸ਼ਨੇ ਨੇ ਪਹਿਲਾਂ ਨਾਲੋਂ ਰਤਾ ਹੋਰ ਖਰ੍ਹਵੇ ਬੋਲ ਨਾਲ ਆਖਿਆ, "ਸਾਥੋਂ, ਸਰਕਾਰੀ ਰਿਸ਼ਟਰੀਆਂ 'ਚ ਸਾਡਾ ਲਿਖਿਆ ਘਰ, ਸਰਕਾਰ ਨੇ ਮਲੋਜੋਰੀ ਖੋਹਿਆ..... ਸਾਨੂੰ ਹੱਥਕੜੀਆਂ ਲਾ ਕੇ ਡਾਕੂਆਂ ਆਂਗੂ ਫੜਿਆ...... ਜ਼ਮਾਨਤਾਂ ਕਰਾਈਆਂ......ਸਮਾਨ ਸਾਡਾ ਸਾਰਾ ਚੌਧਰੀਆਂ ਦੇ ਹਵਾਲੇ ਕਰ 'ਤਾ......ਦਸੋ ਸਾਡਾ ਕੀ ਕਸੂਰ ਸੀ ?......ਇਹ ਕੋਈ ਬੇਅਨਸਾਫ਼ੀ ਈ ਨੀਂ ਅਜੇ ?......"

ਵੱਡੇ ਵਜ਼ੀਰ ਨੂੰ ਬਿਸ਼ਨੇ ਦੇ ਬੋਲ ਦਾ ਗੜ੍ਹਕਾ ਸੁਣ ਕੇ ਜਿਵੇਂ ਤਰੇਲੀ ਆ ਗਈ। ਅਫਸਰੇ-ਮੰਡੀ ਅਗਾਂਹ ਪਿਛਾਂਹ ਇਉਂ ਲੱਤਾਂ ਹਿਲਾਣ ਲਗ ਪਿਆ ਜਿਵੇਂ ਮੱਖ ਲੜਦੀ ਹੋਵੇ ਤੇ ਬਿਸ਼ਨੇ ਵਲ ਘੂਰ ਕੇ ਝਾਕਦਿਆਂ ਮੰਹ ਅਗੇ ਹੱਥ ਦੇ ਕੇ ਦੋ ਤਿੰਨ ਵਾਰ ਮਾੜਾ ਮਾੜਾ ਖੰਘਿਆ। ਪਰ ਬਿਸ਼ਨਾ ਉਹਦੇ ਵਲ ਨਹੀਂ ਸੀ ਝਾਕ ਰਿਹਾ, ਉਹਨੇ ਨਿਗਾਹ ਸਿਧੀ ਵਡੇ ਵਜ਼ੀਰ ਦੇ ਚਿਹਰੇ ਉਤੇ ਗੱਡੀ ਹੋਈ ਸੀ।

"ਠੀਕ ਐ, ਠੀਕ ਐ," ਆਪਣਾ ਨਿੱਕਾ ਹੱਥ ਛੇਤੀ ਛੇਤੀ ਹਿਲਾਂਦਿਆ ਵਜ਼ੀਰ ਬੋਲਿਆ, "ਪਰ ਜੇ ਸਰਕਾਰ ਨੂੰ ਕਿਸੇ ਵੀ ਜਗ੍ਹਾ ਦੀ ਕਦੇ ਵੀ, ਕਿਸੇ ਸੜਕ ਜਾਂ ਸਰਕਾਰੀ ਇਮਾਰਤ ਵਾਸਤੇ ਲੋੜ ਪਵੇ ਤਾਂ ਐਸੀ ਜਗ੍ਹਾ ਖੋਹਣ ਦਾ ਉਹਨੂੰ ਹੱਕ ਹੈ — ਤੈਨੂੰ ਇਹਦਾ ਮੁਆਵਜ਼ਾ ਮਿਲੇਗਾ, ਤੇਰਾ ਘਰ ਮੁਫਤ ਨਹੀਂ ਖੋਹਿਆ ਗਿਆ......"

"ਪਰ ਮੈਨੂੰ ਮੁਆਵਜ਼ੇ ਦੀ ਲੋੜ ਜੇ ਨਾ ਹੋਵੇ ?"

"ਫੇਰ ਉਤਨੀ ਜਗਾਹ ਮਿਲ ਸਕਦੀ ਹੈ।"

...ਕਿਤੇ ਇਨਸਾਫ਼ ਹੈ ਤਾਂ
ਆਵਦੀ ਹਿੰਮਤ ਨਾਲ ਮੈਂ ਆ-
ਪੇ ਲੈ ਲੂੰ, ਤੇ ਜੇ ਕਿਤੇ ਅ-
ਨਸਾਫ਼ ਹੈ ਈ ਨੀਂ, ਤਾਂ ਮੁੜਕੇ
ਥੋੜੀਆਂ ਲੇਲ੍ਹੜੀਆਂ ਨੀਂ
ਕਢਦਾ, ਜੋ ਹੋਊ ਐਸ ਹਿੱਕ
ਤੇ ਝੱਲੂੰ !" ਤੇ ਖੱਬਾ ਹੱਥ...

"ਪਰ ਜੇ ਮੈਂ ਜਗ੍ਹਾ ਵੀ ਨਾ ਲੈਣੀ ਹੋਵੇ ?"

ਵਡੇ ਵਜ਼ੀਰ ਨੇ ਹੈਰਾਨੀ ਜਿਹੀ ਨਾਲ ਬਿਸ਼ਨੇ ਦੇ ਗੰਦ ਕਰੜੇ ਮੂੰਹ ਵਲ ਵੇਖਿਆ ਤੇ ਉਹਦਾ ਸ਼ਾਹੀ-ਅਫ਼ਸਰੀ ਦਾ ਹੰਕਾਰ ਉਹਤੋਂ ਹੋਰ ਕਾਬੂ ਨਾ ਹੋਇਆ। ਅਜ ਤਾਈਂ, ਉਹਦੇ ਮੂਹਰੇ ਕੋਈ ਫ਼ਰਿਆਦੀ ਇੰਜ ਨਹੀਂ ਸੀ ਬੋਲਿਆ। ਐਤਕੀਂ ਉਹਦੇ ਬੋਲ ਵਿਚ ਇਹ ਹੰਕਾਰ ਉਹਦੇ ਕੋਟ ਦੇ ਪਿੱਤਲ (ਪਤਾ ਨਹੀਂ ਸਿਉਨੇ ਦੇ) ਦੇ ਬਟਣਾਂ ਵਾਂਗ ਲਿਸ਼ਕਿਆ।

"ਜੇ ਨਾ ਲੈਣੀ ਹੋਵੇ......ਤਾਂ, ਤਾਂ ਜਾਓ !"

"ਬਸ ਹੋ ਗਿਆ ਹਜ਼ੂਰ ਦਾ ਅਨਸਾਫ਼ ?"

"ਤੂੰ, ਤੂੰ ਕਾਰੋਗਰਾ ਅਦਾਲਤ 'ਚ ਆ ਕੇ ਗੱਲ ਕਰੀਂ !" ਐਤਕੀਂ ਘਪਲਾ ਅਫ਼ਸਰੇ ਮੰਡੀ ਰੋਅਬ ਤੇ ਹਿਰਖ ਨਾਲ ਬੋਲਿਆ, "ਏਥੇ ਹੁਣ ਵਕਤ ਜ਼ਾਇਆ ਨਾ ਕਰ......ਕਲ੍ਹ ਅਦਾਲਤ ਆਈਂ......ਸੁਣਿਆਂ !"

"ਆਹ ਵੱਡੀ ਅਦਾਲਤ ਨੇ ਤਾਂ ਮੈਨੂੰ ਅਨਸਾਫ਼ ਦੇ ਕੇ ਨਿਹਾਲ ਕਰ 'ਤਾ ਹੁਣ ਛੋਟੀ, ਤੇਰੀ ਅਦਾਲਤ ਦੀ ਵਾਰੀ ਐ !" ਬਿਸ਼ਨਾ ਇਉਂ ਬੋਲਿਆ, ਜਿਵੇਂ ਓਹ ਆਪਣੇ ਰਾਜ ਦੇ, ਰਾਜੇ ਵਰਗੇ ਵਡੇ ਵਜੀਰ ਦੀ 'ਹਜ਼ੂਰੀ' ਵਿਚ ਨਹੀਂ ਬਜ਼ਾਰ ਵਿਚ ਲੋਹੇ ਦੀ ਹੱਟੀ ਅਗੇ, ਮੇਖਾਂ ਲੈਣ ਲਗਿਆਂ, ਬਨਸੀ ਲੋਹਟੀਏ ਨਾਲ ਉਲਝਿਆ ਖੜੋਤਾ ਹੋਵੇ।

"ਚੰਗਾ !" ਬਿੰਦ ਕੁ ਚੁੱਪ ਰਹਿ ਕੇ ਤੇਜ਼ ਅੱਖਾਂ ਨਾਲ ਉਹਨੇ ਵਾਰੀ ਵਾਰੀ ਅਫ਼ਸਰੇ-ਮੰਡੀ ਤੇ ਵਜ਼ੀਰ ਵਲ ਝਾਕਦਿਆਂ ਕਿਹਾ ਤੇ ਹੱਥ ਪਿੱਠ ਪਿੱਛੇ ਕਰ ਕੇ ਪਿਛਾਂਹ ਮੁੜਦਿਆਂ ਬੋਲਿਆ, "ਧਰਤੀ ਤੇ ਕਿਤੇ ਅਨਸਾਫ਼ ਹੈ ਤਾਂ ਆਵਦੀ ਹਿੰਮਤ ਨਾਲ ਮੈਂ ਆਪੇ ਲੈ ਲੂੰ, ਤੇ ਜੇ ਕਿਤੇ ਅਨਸਾਫ਼ ਹੈ ਈ ਨੀਂ, ਤਾਂ ਮੁੜ ਕੇ ਥੋੜੀਆਂ ਲੇਲ੍ਹੜੀਆਂ ਨੀਂ ਕਢਦਾ, ਜੋ ਹੋਊ ਐਸ ਹਿੱਕ ਤੇ ਝੱਲੂੰ !" ਤੇ ਖੱਬਾ ਹੱਥ ਹਿੱਕ ਤੇ ਮਾਰਿਆ।

ਜਦੋਂ ਉਹ ਮਿਰਚ-ਰੰਗੇ ਨਮਦੇ ਦੇ ਗਲੀਚੇ ਉਤੇ, ਵਡੇ ਵਜ਼ੀਰ ਵਲ ਪਿੱਠ ਕਰ ਕੇ ਬਾਹਾਂ ਪਿਛੇ ਕਰੀਂ ਵਾਪਸ ਮੁੜ ਰਿਹਾ ਸੀ ਤਾਂ ਚਾਰੇ ਪਾਸਿਉਂ ਹਜ਼ਾਰਾਂ ਅੱਖਾਂ ਉਹਨੂੰ ਆਪਣੀਆਂ ਨਜ਼ਰਾਂ ਨਾਲ ਵਿੰਨ੍ਹ ਰਹੀਆਂ ਸਨ। ਪਰ ਕਿਸੇ ਵੀ ਧਿਆਨ ਕੀਤੇ ਬਿਨਾਂ ਉਹ ਚੁੱਪ ਕਰ ਕੇ ਪੰਡਾਲ ਤੋਂ ਬਾਹਰ ਆ ਗਿਆ। ਨਮਦੇ ਦੇ ਸਿਰੇ ਤੋਂ ਪੈਰ ਲਾਹੁੰਦਿਆਂ ਉਹਨੇ ਧੌਣ ਭੁਆ ਕੇ ਇਕ ਵਾਰ ਪਿਛਾਂਹ ਤੱਕਿਆ, ਕੋਈ ਹੋਰ 'ਫ਼ਰਿਆਦੀ' ਗਲ ਵਿਚ ਪੱਲਾ ਪਾਈਂ 'ਅਰਜ' ਕਰ ਰਿਹਾ ਸੀ।

ਬਿਸ਼ਨੇ ਦਾ ਚਿਹਰਾ ਹੋਰ ਕਾਠਾ ਹੋ ਗਿਆ ਤੇ ਉਹ ਇਕ ਪਲ ਵੀ ਹੋਰ ਓਥੇ ਨਾ ਖੜੋ ਸਕਿਆ।

---

ਗੁਰਦਿਆਲ ਸਿੰਘ ਦੀਆਂ ਰਚਨਾਵਾਂ
ਮੜ੍ਹੀ ਦਾ ਦੀਵਾ ..... (ਮੌਲਿਕ ਨਾਵਲ)
ਸੱਗੀ ਫੁੱਲ ..... (ਕਹਾਣੀ-ਸੰਗ੍ਰਹਿ)
ਮੇਰਾ ਬਚਪਨ (ਗੋਰਕੀ) (ਅਨੁਵਾਦ)

# $ SAVE $

PUT YOUR SAVINGS IN THE RIGHT DIRECTION NOW TO HAVE PEACE OF MIND WITH FINANCIAL SECURITY



## RUPINDER S. AZAD

M.A., B.Ed.

{OFFICE: 736-7431
RESID: 325-9077}

of

## SEA BOARD LIFE INSURANCE COMPANY

HEAD OFFICE: 1900 WEST BROADWAY, VANCOUVER

LOOK AT THE VARIETY OF SERVICES:-

- LIFE & ACCIDENT SICKNESS INSURANCE
- MORTGAGES & MORTGAGE INSURANCE
- INVESTMENT & SAVING CERTIFICATES
- REGISTERED RETIREMENT SAVINGS PLANS
- WILLS & ESTATE PLANNING
- CHILDERN'S EDUCATIONAL PROGRAMMES

Each and every plan is tailored to suit your particular need

SAVE MORE INCOME TAX THIS YEAR ONWARDS.

# EAST-WEST QUALITY-WEAR



1290 E. 12th AVE. at KNIGHT ST
VANCOUVER, B.C.
PHONE:
876-7901

&

STORE #2

7220 MAIN STREET at 57th AVE
VANCOUVER, B.C.

PHONE:-
325-5414

We are on the top for latest designs, colours and quality in all types of fabrics for Sarees and suits, Salwar-Qamiz, Shirts, Sweeters, Children wears Turbans & many more.

Direct Import-Export from India, England, Japan, Hongkong, Taiwan, Korea & Offices in many parts of the world.

We specialize in everything we sell.

RESIDENT REPRESENTATIVE IN CANADA:

M. S. Gail

[illegible]

[illegible]

[illegible]

[illegible]

VOLUME I
NUMBER 6
DECEMBER 73

PANJABI LITERARY AND CULTURAL MONTHLY
THE WATNO DŪR
P.O. BOX 1041, COQUITLAM, B.C, CANADA.

TELEPHONE NO. 874-5403.
LICENCE: 640-7300.

TV'S: COLOR, BLACK & WHITE   STEREOS & CAR STEREOS   TAPE RECORDERS & TAPE DECKS.

SALES — SERVICE — RENTALS

# KR - TV

WORK GUARANTEED

BY CERTIFIED-TECHNICIAN

Res.: 939-4253
Bus.: 321-6015

(K. S. Rangi)
6674 Main Street,
Vancouver 15, B.C.

ਕੇ. ਐੱਸ. ਰੰਗੀ
6674-ਮੇਨ ਸਟਰੀਟ
ਵੈਨਕੋਵਰ 15, ਬੀ.ਸੀ.

HITACHI

100% Solid State

